ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਟੁੱਟੀ ਗੰਢੀ – ਮੁਕਤਸਰ ਸਾਹਿਬ

FEB 1989



ਫ਼ਰਵਰੀ ੧੯੮੯

ਸਿੰਘੋ, ਆਓ ਗੁਰੂ ਪੰਥ ਨਾਲ ਮਿਲ ਕੇ ਆਪਣੇ ਅਣਲਿਖੇ ਬੇਦਾਅਵੇ ਪੜਵਾ ਲਈਏ।

www.AKJ.Org

# ਤਤਕਰਾ


| | | |
|---|---|---|
| 'ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ' | ੩ | ਗਉੜੀ ਪੂਰਬੀ ਮਹਲਾ ੪ |
| 'ਇਸ ਗੜ ਮਹਿ ਹਰਿ ਰਾਮ ਰਾਇ ਹੈ'—ਵਿਆਖਿਆ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਮਤਿ ਦਾਨ | ੫ | ,, ,, ,, |
| ਕਾਹੇ ਜਗਿ ਆਏ ਰਾਮ ਰਾਜੇ (੨) | ੯ | ਸੂਬੇਦਾਰ ਧਰਮ ਸਿੰਘ ਜੀ |
| ਟੂਟੀ ਗਾਢਨਹਾਰ ਗੋੁਪਾਲ | ੧੫ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਗੁਰ-ਮੂਰਤਿ ਗੁਰ-ਸਬਦੁ ਹੈ | ੧੮ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਗੁਰੂ ਬਾਬਾ ਤੇ 'ਮਨਿ ਜੀਤੈ' ਦਾ ਸਿਧਾਂਤ | ੨੪ | ਡਾਕਟਰ ਤਾਰਨ ਸਿੰਘ ਜੀ |
| ਸਿਖ ਧਰਮ ਦੀ ਆਧਾਰ-ਭੂਮੀ | ੨੭ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| 'ਸਨਮੁਖੁ ਸਿਖੁ' ਭਾਈ ਸਨਮੁਖ ਸਿੰਘ ਜੀ | ੨੮ | ਗਿ:ਜਸਵੰਤ ਸਿੰਘ ਜੀ ਬੀ.ਏ.ਬੀ.ਟੀ. |
| ਮੁਖੀ ਦਮਦਮੀ ਟਕਸਾਲ ਦੇ ਨਾਮ ਖੁਲ੍ਹੀ ਚਿਠੀ | ੩੧ | ਜਥੇਦਾਰ ਅਖੰਡ ਕੀਰਤਨੀ ਜਥਾ |
| ਸੂਰਾ ਹਿਸਾਬ ਕਿਤਾਬ ਆਡਿਟ ੧੯੮੦-੮੧ ਤੋਂ ੧੯੮੬-੮੭ | ੩੩ | ਸ: ਬਲਵੰਤ ਸਿੰਘ ਜੀ (ਆਡੀਟਰ) |


ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ ੧੮ ਫਰਵਰੀ

ਜੰਮੂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸ਼ਵ ਜਲੂਸ ਸਮੇਂ ਜੋ ਭਿਆਨਕ ਦੁਖਾਂਤ ਵਰਤਿਆ, ਉਸਦੀ ਰੀਪੋਰਟ ਡਾਕਟਰ ਰਾਜਿੰਦਰ ਕੌਰ ਜੀ ਜੋ ਆਪ ਉਥੋਂ ਵੇਖ ਸੁਣ ਕੇ ਲਿਆਏ, ਉਹ ਲੇਟ ਪੁਜਣ ਕਰਕੇ ਐਤਕੀ ਛਪ ਨਹੀਂ ਸਕੀ ।

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਦਾਨ | ੨੦੦—੦੦ | ਬੀਬੀ ਸੰਤ ਕੌਰ, ਲੁਧਿਆਣਾ | ੫੧—੦੦ |
| ਡਾਕਟਰ ਜੀਤ ਸਿੰਘ, ਲੁਧਿਆਣਾ | ੨੦—੦੦ | ਡਾਕਟਰ ਰਾਜਵਿੰਦਰ ਸਿੰਘ, ਹੁਸ਼ਿਆਰਪੁਰ | ੫੧—੦੦ |
| ਸ: ਸਾਧੂ ਸਿੰਘ, ਵਰਨਨ, ਕੈਨੇਡਾ | ੨੨੫—੦੦ | ਸ. ਗੁਰਬਖਸ਼ ਸਿੰਘ, ਗ੍ਰੇਵਜ਼ੈਂਡ ਯੂ.ਕੇ. | ੫੯—੫੦ |

| | |
|---|---|
| ਭਾਈ ਕੁਲਵਿੰਦਰ ਸਿੰਘ, ਜਲੰਧਰ ਬੀਬੀ ਰੂਪਿੰਦਰ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੦੧—੦੦ |
| ਸ: ਹਰਵਿੰਦਰ ਸਿੰਘ, ਝਾਂਡੇ—ਕਾਕਾ ਦਲਜੀਤ ਸਿੰਘ ਦੀ ਖੁਸ਼ੀ ਵਿਚ | ੧੧—੦੦ |
| ਬੀਬੀ ਗੋਬਿੰਦਰ ਕੌਰ, ਅੰਬਾਲਾ ਛਾਉਣੀ—ਸਰਦਾਰ ਜੀ ਦੀ ਯਾਦ ਵਿਚ | ੧੦੧—੦੦ |
| ਸ: ਕੰਵਰ ਸਿੰਘ, ਅੰਮ੍ਰਿਤਸਰ—ਭੁਜੰਗੀ ਦੀ ਮੰਗਣੀ ਸਮੇਂ | ੩੦—੦੦ |
| ਸ: ਚਰਨਜੀਤ ਸਿੰਘ, ਗੁਰਭੇਜ ਸਿੰਘ, ਪਾਥਰਡੀਹ—ਸ: ਚਰਨਜੀਤ ਸਿੰਘ ਦੀ ਆਤਮ-ਸ਼ਾਂਤੀ ਲਈ | ੫੧—੦੦ |

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਧੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਖ਼ਾਲਸਾ ਰਹਿਤ ਮਰਯਾਦਾ (੧੪੦ ਪੰਨੇ) | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |


ਲਾਕਟ ਪਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧ -੨-੮੯ ਨੂੰ ਪ੍ਰਕਾਸ਼ਤ ਕੀਤਾ
ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹਿ

ਮਾਲਕ — ਸ੍ਰੀ ਅੰਮ੍ਰਿਤਸਰ — ਪੱਤਰ

ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਫ਼ਰਵਰੀ ੧੯੯੯ ਅੰਕ ੨

## ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ

ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ ॥
ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ ਹਰਿ ਗੁਰ ਸਬਦੀ ਚਖਿ ਡੀਠਾ ॥੧॥
ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥੧॥ਰਹਾਉ॥
ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਮਿਲਿ ਸਤਿਗੁਰ ਲਾਗਿ ਬਸੀਠਾ ॥
ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ ॥੨॥
ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰਕ ਰੀਠਾ ॥
ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ ॥੩॥
ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ ਲੀਠਾ ॥
ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ ॥੪॥੯॥੧੬॥੯੧॥

ਇਸ ਸ਼ਬਦ ਦੀ ਵਿਆਖਿਆ ਪੰਨਾ ੪ ਤੇ ਵੇਖੋ] [ਗਉੜੀ ਪੂਰਬੀ ਮ: ੪, ਪੰਨਾ ੧੭੧

ਧੀਠਾ—ਢੀਠ। ਅਨੁਗ੍ਰਹੁ—ਬਖ਼ਸ਼ਸ਼। ਬਸੀਠਾ—ਵਿਚੋਲਾ, ਮਿਲਾਉਣਹਾਰ। ਪਰੀਠਾ—ਪਰੋਸਿਆ ਹੈ। ਕਾਰਕ ਰੀਠਾ—ਰੀਠੇ ਦੀ ਕਾਲਕ। ਮੁਖਿ ਲੀਠਾ—ਮੁਖ ਦੁਆਰਾ ਚਟਿਆ ਅਥਵਾ ਚਖਿਆ। ਕਰੂਆ—ਕੌੜਾ।



www.AKJ.Org

# 'ਇਸ ਗੜ ਮਹਿ ਹਰਿ ਰਾਮ ਰਾਇ ਹੈ'

**ਸ਼ਬਦ ਦੀ ਵਿਆਖਿਆ–**

ਰਿਦੇ ਪ੍ਰਕਾਸ਼ ਹੋਣਹਾਰ ਹਰੀ ਰਾਮ ਰਾਇ ਤਾਂ ਇਸ ਕਾਂਇਆਂ ਗੜ੍ਹ ਅੰਦਰ ਹੀ ਲੁਪਤ ਗੁਪਤ ਹੋਇ ਕੈ ਬਿਰਾਜ ਰਹਿਆ ਹੈ, ਪਰੰਤੂ ਇਹ ਕੇਵਲ ਗੁਰੂ-ਨਿਵਾਜੇ ਗੁਰਮੁਖ ਜਨ ਹੀ ਹਨ, ਜਿਨ੍ਹਾਂ ਨੂੰ ਘਟ ਗੜ੍ਹ ਅੰਦਰੋਂ ਹੀ ਰਮਤ ਰਾਮ ਜੋਤੀ ਸਰੂਪ ਦਾ ਪ੍ਰਕਾਸ਼ ਹੋ ਜਾਂਦਾ ਹੈ, ਤੇ ਇਸ ਪ੍ਰਕਾਸ਼ ਦਾ ਅਨੰਦ-ਹੁਲਾਸ ਆਉਂਦਾ ਹੈ। ਢੀਠਾਂ, ਮਨ-ਮੁਘਧੀਠਾਂ ਨੂੰ ਨਾ ਰਿਦੇ ਵਿਗਾਸ ਹੁੰਦਾ ਹੈ, ਨਾ ਕੁਛ ਸੁਆਦ ਆਉਂਦਾ ਹੈ। ਗੁਰੂ ਆਗਿਆਕਾਰੀ ਨਾਮ ਅਭਿਆਸ ਕਮਾਈ ਮਈ ਚਾਕਰੀ ਸੇਵਾਦਾਰੀ ਦੇ ਰਸੀਆਂ ਗੁਰਮੁਖ ਜਨਾਂ ਨੂੰ ਵਾਹਿਗੁਰੂ ਆਪ ਤੁਠਾ ਹੈ, ਤਿਨ੍ਹਾਂ ਨੂੰ ਗੁਰ-ਸ਼ਬਦ (ਗੁਰ-ਮੰਤ੍ਰ) ਦੀ ਪ੍ਰਾਪਤੀ ਗੁਰੂ ਦੁਆਰਿਓਂ ਹੋਈ। ਗੁਰ-ਸ਼ਬਦ ਦੀ ਕਮਾਈ ਉਨ੍ਹਾਂ ਅਪਾਰ ਕੀਤੀ। ਗੁਰ-ਸ਼ਬਦ ਕਮਾਈ ਦੀ ਪਾਰਸ-ਰਸਾਇਣਤਾ ਤਿਨ੍ਹਾਂ ਉਪਰ ਵਰਤੀ ਅਤੇ ਤਿਨ੍ਹਾਂ ਨੇ ਅੰਤਰ ਹੀ ਹਰੀ ਅਤੇ ਹਰੀ-ਰਸ ਨੂੰ ਵੇਖਿਆ ਚਾਖਿਆ, ਪੇਖਿਆ ਪਰਖਿਆ।

ਗੁਰ-ਸ਼ਬਦ ਦੀ ਲਿਵਤਾਰ ਵਿਚ ਕੀਤਾ ਹਰਿ-ਕੀਰਤਨ ਅੰਤਰਗਤਿ ਹਰਿ-ਰਸ ਦੀ ਮਿਠਾਸ ਨੂੰ ਅਤਸੈ ਕਰਕੇ ਚਖਾਉਂਦਾ ਹੈ ਅਤੇ ਵਾਹਿਗੁਰੂ ਦੀ ਹਜ਼ੂਰੀ ਨੂੰ ਅੰਤਰਿ ਨਿਕਟਤਾ ਕਰਿ ਲਖਾਉਂਦਾ ਹੈ।

ਸਤਿਗੁਰੂ ਦੀ ਸ਼ਬਦ-ਬਸੀਠੀ-ਦਾਤਿ ਦੇ ਪਰਤਾਪ ਕਰਿ ਅਗਮ ਅਗੋਚਰ ਪਾਰਬ੍ਰਹਮ ਘਟ ਅੰਦਰ ਹੀ ਆਣਿ ਮਿਲਦਾ ਹੈ। ਜਿਨ੍ਹਾਂ ਨੇ ਸਤਿਗੁਰੂ ਦੇ ਬਚਨ ਰੂਪੀ ਹੁਕਮਾਂ ਨੂੰ ਮਨ ਬਚ ਕਰਮ ਕਰਕੇ ਸ਼ਾਂਤ ਅਤੇ ਕਲਿਆਨਕਾਰੀ ਮੰਨਿਆ ਹੈ ਤਿਨ੍ਹਾਂ ਦੇ ਅਗੇ ਸਤਿਗੁਰੂ ਨੇ ਹਰਿ ਪ੍ਰਸਾਦ ਘਟ ਅੰਤਰੇ ਹੀ ਆਣਿ ਪਰੋਸਿਆ ਹੈ।

ਮਨਮੁਖਾਂ ਨੂੰ ਇਹ ਪ੍ਰਸਾਦ ਪ੍ਰਾਪਤ ਨਹੀਂ ਹੋ ਸਕਦਾ। ਉਹਨਾਂ ਦਾ ਹਿਰਦਾ ਅਤਿ ਕਠੋਰ ਹੁੰਦਾ ਹੈ। ਉਹ ਇਸ ਪ੍ਰਸਾਦ ਦੇ ਭਾਗੀ ਹੀ ਨਹੀਂ ਹੁੰਦੇ। ਉਹਨਾਂ ਦੇ ਅੰਦਰ ਕਾਲਕ ਅਤੇ ਕਠੋਰਤਾ ਗੀਠੇ ਵਰਗੀ ਹੈ। ਬਿਸੀਅਰ (ਸੱਪ) ਨੂੰ ਚਾਹੇ ਕਿੰਨਾ ਦੁੱਧ ਪਿਆਓ, ਉਹਦੇ ਅੰਦਰੋਂ ਫੋਲ ਫੋਲਿਆਂ ਬਿਖ ਹੀ ਨਿਕਲੇਗੀ।

ਇਸ ਕਾਲੇ ਕਉੜੇ ਵਿਹੁਲੇ ਸੱਪ ਦੀ ਵਿਹੁ ਕਾਲਕ ਹੋਰ ਕਿਸੇ ਪਰਕਾਰ ਦੂਰ ਨਹੀਂ ਹੋ ਸਕਦੀ। ਦੂਰ ਹੋ ਸਕਦੀ ਹੈ ਤਾਂ ਇਸ ਬਿਧਿ ਹੋ ਸਕਦੀ ਹੈ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਦੁਆਰਾ ਪੂਰੇ ਗੁਰੂ-ਸੰਤ ਨੂੰ ਭੇਟਿਆ ਜਾਵੇ ਅਤੇ ਫੇਰ ਗੁਰੂ ਦੁਆਰਿਓਂ ਪਾਰਸ-ਰਸਾਇਣੀ-ਗਰੜ-ਸ਼ਬਦ ਪ੍ਰਾਪਤ ਹੋਵੇ। ਤਿਸ ਸ਼ਬਦ ਰੂਪੀ ਗਰੜ ਦੇ ਮੁਖ ਲਾਇਆਂ ਸਾਰੀ ਬਿਸੀਅਰੀ ਬਿਖ (ਵਿਹੁ) ਝੜ ਜਾਏ। ਇਸ ਗਰੜ-ਸ਼ਬਦ ਨੂੰ ਸਦਾ ਮੁਖ ਵਿਚ ਰਖਿਆਂ ਫੇਰ ਕਦੇ ਭੀ ਇਹ ਬਿਸੀਅਰੀ ਬਿਖ ਨ ਚੜ੍ਹੇ।

ਇਹ ਬਿਧਿ ਤਾਂ ਪ੍ਰਾਪਤ ਹੋ ਸਕਦੀ ਹੈ ਕਿ ਗੁਰੂ ਘਰ ਦੇ ਲਾਲੇ ਗੋਲੇ ਅਨਿੰਨ ਸਿਖ ਸੇਵਕ ਸਜਿਆ ਜਾਵੇ ਅਤੇ ਸਦਾ ਵਾਹਿਗੁਰੂ ਨੂੰ ਅੰਗਿ ਸੰਗਿ ਜਾਣਿਆ ਜਾਵੇ, ਅਤੇ ਮਨ ਤੇ ਮੁਖ ਅੰਦਰ ਗੁਰੂ ਗੁਰੂ ਸ਼ਬਦ ਵਸਾਇਆ ਜਾਵੇ, ਰੋਮ ਰੋਮ ਹਰਿ ਰੁਮਕਾਇਆ ਜਾਵੇ, ਨਾੜ ਨਾੜ ਅੰਦਰਿ ਸ਼ਬਦ ਗੁਰੂ ਦੀ ਗਰੜਤਾ ਪ੍ਰਵੇਸ਼ ਹੋ ਜਾਵੇ। ਫੇਰ ਸਾਰੀ ਬਿਸੀਅਰਤਾ ਬਿਸਰਜਤ ਹੋ ਜਾਂਦੀ ਹੈ, ਅਤੇ ਕੁੜੱਤਣ ਦੇ ਥਾਉਂ ਮਿਠਾਸ ਹੀ ਮਿਠਾਸ ਵਰਤ ਸਕਦੀ ਹੈ।

ਮਿਠਾਸ ਕੀ, ਮਹਾਂ ਅਨੰਦ ਵਰਤ ਜਾਂਦਾ ਹੈ। ਐਸੀ ਗੁਰ-ਸ਼ਬਦ-ਗਰੜ ਮੰਤ੍ਰ ਦੀ ਪਾਰਸ-ਕ੍ਰਿਸ਼ਮਾਇਣੀ ਅਭਿਆਸ-ਕਮਾਈ ਹੈ, ਜਿਸ ਦੀ ਕ੍ਰਿਸ਼ਮਿਕ ਕਲਾ ਕਰਿ ਪ੍ਰਿਆ-ਪਰਮੇਸ਼ਰ ਦੇ ਰੰਗਾਂ, ਆਤਮ-ਆਨੰਦ-ਭੋਗ-ਰੰਗਾਂ ਵਿਚ ਰਤੇ ਜਾਣ ਕਰਿ ਨਾਮ-ਅਭਿਆਸ ਜਗਿਆਸਾ ਵਾਲੀ ਇਸਤ੍ਰੀ ਧੰਨ ਸੋਹਾਗਣ ਨਾਰ ਬਣ ਜਾਂਦੀ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਅਨਹਦ ਸ਼ਬਦ "ਦਸਮ-ਦੁਆਰ" ਪੁਸਤਕ, ਪੰਨਾ ੭੨-੭੩.



www.AKJ.Org

# ਗੁਰਮਤਿ ਦਾਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਸ਼ਨਾਨ ਦੇ ਨਾਲ ਲਗਦਾ ਦੂਤੀ ਸਾਧਨ ਸੰਪੰਨ (ਨਾਮ ਦਾ ਸਹਾਈ) ਕਰਮ ਬਿਬੇਕ "ਦਾਨ" ਹੈ, ਜੈਸੇ ਕਿ "ਗੁਰਮੁਖਿ ਨਾਮੁ ਦਾਨੁ ਇਸਨਾਨੁ" ਵਾਲੀ ਪੰਗਤੀ ਦੇ ਭਾਵ ਵਿਚ ਪ੍ਰਤਿਪਾਦਨ ਹੈ। ਆਪਣੀ ਘਾਲ ਕਮਾਈ (ਸੁਕ੍ਰਿਤ ਕਮਾਈ) ਵਿਚੋਂ ਦਸਵੰਧ ਮਾਤਰ ਦਾ ਦੇਣਾ ਤਾਂ ਹਰ ਇਕ ਸਿਖ ਮਾਤਰ ਦਾ ਧਰਮ ਹੈ। ਇਸ ਤੋਂ ਵਧ ਕੇ ਆਪਣੇ ਵਿਤ੍ਰ ਅਨੁਸਾਰ ਜਿਤਨਾ ਭੀ ਕੋਈ ਆਪਣੀ ਕਿਰਤ ਕਮਾਈ ਵਿਚੋਂ ਦਾਨ ਕਰ ਸਕੇ, ਸੋ ਉਸਦੀ ਉਛਲ ਹੈ, ਉਸ ਨੂੰ ਰੋਕ ਨਹੀਂ। ਪ੍ਰੰਤੂ ਇਹ ਦਾਨ ਗੁਰੂ ਕੇ ਸਿਖ, ਗੁਰੂ ਨਮਿਤ ਗੁਰੂ ਕਾ ਹੁਕਮ ਸਮਝ ਕੇ ਕਰਦੇ ਹਨ। ਹੁਕਮ ਅੰਦਰ ਜੇ ਸਰਬੰਸ ਦਾਨ ਕਰਨ ਦੀ ਲੋੜ ਪਵੇ ਤਾਂ ਸਰਬੰਸ ਅਰਪਨ ਕਰਨੋਂ ਭੀ ਕਦੇ ਫਰਕ ਨਹੀਂ ਕਰਨਗੇ। ਗੁਰੂ ਕੇ ਸਿਖ ਦਾ ਜੋ ਕੁਛ ਭੀ ਹੈ, ਓਹ ਉਸ ਦਾ ਆਪਣਾ ਨਹੀਂ ਹੈ। ਉਸ ਦੇ ਪਾਸ ਜੋ ਕੁਛ ਹੈ ਸੋ ਗੁਰੂ ਕੀ ਅਮਾਨਤ ਹੈ; ਇਸ ਵਿਚ ਉਸ ਦੀ ਮੇਰ-ਮਮਤਾ ਕੁਛ ਨਹੀਂ। ਸੋ ਜੋ ਕੁਝ ਭੀ ਗੁਰੂ ਕੇ ਸਿੰਘ (ਬਿਬੇਕੀ) ਦਾਨ ਪੁੰਨ ਕਰਦੇ ਹਨ ਉਸ ਵਿਚ ਮੋਹ ਮਮਤਾ ਦੀ ਰਾਈ ਰਤੀ ਨਹੀਂ ਹੁੰਦੀ। ਬਿਬੇਕੀ ਸਿੰਘ ਕਦੇ ਭੀ ਇਹ ਸੂਖਮ ਤੇ ਸੂਖਮ ਹੰਕਾਰ ਨਹੀਂ ਧਾਰਨਗੇ ਕਿ ਅਸੀਂ ਫਲਾਣਾ ਦਾਨ ਕੀਤਾ ਹੈ, ਫਲਾਣਾ ਪੁੰਨ ਕੀਤਾ ਹੈ।

**ਆਪਾ ਅਰਪਨ, ਅਰਥਾਤ, ਤਨ ਮਨ ਧਨ ਵਾਰਨਾ ਅਸਲ ਗੁਰਮਤਿ ਦਾਨ :-**

ਜੋ ਵਸਤੂ, ਜੋ ਪਦਾਰਥ ਉਹ ਗੁਰੂ ਅਰਪਨ ਕਰ ਚੁਕੇ, ਜੋ ਕੁਝ ਭੀ ਉਹ ਗੁਰੂ ਦੀ ਨਮਿਤ ਦੇ ਚੁਕੇ, ਉਸ ਦੇ ਵਿਚ ਉਹਨਾਂ ਦੀ ਮੋਹ ਮਮਤਾ ਕੀ! ਉਹਨਾਂ ਤਾਂ ਗੁਰੂ ਦੀ ਅਮਾਨਤ ਅਦਾ ਕੀਤੀ ਹੈ ਅਤੇ ਗੁਰੂ ਕੇ ਹੁਕਮ ਅਨੁਸਾਰ ਟਹਿਲ ਸੇਵਾ ਕੀਤੀ ਹੈ, ਅਤੇ ਟਹਿਲ ਸੇਵਾ ਗੁਰੂ ਦੇ ਸਿੰਘਾਂ ਦਾ ਫ਼ਰਜ਼ ਹੈ। ਫ਼ਰਜ਼ ਨੂੰ ਪੂਰਾ ਕਰਦਿਆਂ, ਗੁਰੂ ਕੀ ਵਸਤ ਨੂੰ ਗੁਰੂ ਅਗੇ ਰਖਦਿਆਂ ਹੋਇਆਂ ਉਹਨਾਂ ਦੇ ਅੰਦਰ ਰੰਚਕ ਹਉਮੈ ਬਿਆਪ ਹੀ ਨਹੀਂ ਸਕਦੀ। ਅਤੇ ਨਾ ਹੀ ਉਹ ਕਿਸੇ ਉਪਰ ਕੋਈ ਅਹਿਸਾਨ ਜਣਾਉਂਦੇ ਹਨ। ਸਗੋਂ ਜੇ ਕੋਈ ਸ਼ੁਭ ਅਵਸਰ ਉਹਨਾਂ ਨੂੰ ਦਾਨ ਪੁੰਨ ਦਾ ਮਿਲਦਾ ਭੀ ਹੈ ਤਾਂ ਉਹ ਗੁਰੂ ਨਮਿਤ ਸੇਵਾ ਭੇਟਾ ਤੁਛ ਮਾਤਰ ਅਰਪਨ ਕਰ ਕੇ ਆਪਣੀ ਸੁਫਲ ਕਮਾਈ ਸਮਝਦੇ ਹਨ ਅਤੇ ਅਮਾਨਤ ਅਦਾ ਕਰ ਕੇ ਨਿਰਭਾਰ ਹੋ ਜਾਂਦੇ ਹਨ। ਉਹਨਾਂ ਦਾ ਰੋਮ ਰੋਮ ਸ਼ੁਕਰ ਅੰਦਰ ਲੀਨ ਹੁੰਦਾ ਹੈ, ਕਿ ਸੁਫਲ ਕਮਾਈ ਲੇਖੇ, ਗੁਰੂ ਲੇਖੇ ਲਗ ਗਈ, ਕਿਉਂਕਿ ਉਹ ਸਦਾ ਇਸ ਪ੍ਰਕਾਰ ਮਨ ਬਚ ਕਰਮ ਕਰਕੇ ਸਮਝਦੇ ਹਨ ਕਿ :

ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥
ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥
ਸਦਾ ਸਦਾ ਤੂੰ ਹੈ ਸੁਖਦਾਈ ॥ ਨਿਵਿ ਨਿਵਿ ਲਾਗਾ ਤੇਰੀ ਪਾਈ ॥
ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ ॥੨॥੪॥ ਮਾਝ ਮਹਲਾ ੫, ਪੰਨਾ ੧੦੬
ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ ॥ ਖੰਨੀਐ ਵੰਞਾ ਦਰਸਨ ਤੇਰੇ। ੨॥੧॥੧੧॥

ਤੁਖਾਰੀ ਛੰਤ ਮ: ੫; ਪੰਨਾ ੧੧੧੭

ਗੁਰੂ ਦਾ ਸਭ ਕੁਛ ਸਮਝਦੇ ਹੋਏ ਗੁਰੂ ਕੇ ਲੇਖੇ ਸਰਬੰਸ ਲਾਉਂਦਿਆਂ ਓਹ ਬਫਾਉਂਦੇ ਨਹੀਂ। ਨਿਰਮਾਣ ਸੇਵਾ ਸਮਝ ਕੇ ਸਭ ਕੁਛ ਗੁਰੂ ਦੇ ਨਮਿਤ ਅਰਪਣ ਕਰੀ ਜਾਂਦੇ ਹਨ। ਅਤੇ ਇਸ ਅਰਪਣ ਕਰਨ ਦੀ ਸੇਵਾ ਘਾਲਨਾ ਵਿਚ ਭੀ ਉਨ੍ਹਾਂ ਨੂੰ ਅੰਤ੍ਰੀਵੀ ਰਸ ਹੁੰਦਾ ਹੈ। ਜਿਉਂ ਜਿਉਂ ਇਹ ਸੇਵਾ ਸਮਰਪਨ ਦਾ ਵਾਧਾ ਵਧਦਾ ਜਾਂਦਾ ਹੈ, ਤਿਉਂ ਤਿਉਂ ਓਹ ਹੋਰ ਤੇ ਹੋਰ ਆਤਮ-ਰਸ ਵਿਚ ਲਿਵਮਗਨ ਅਤੇ ਮੰਸਤ ਅਲਮਸਤ ਹੁੰਦੇ ਜਾਂਦੇ ਹਨ। ਅਤੇ ਇਸ ਬਿਧਿ ਇਹ ਦਾਨ ਭੀ ਇਸ਼ਨਾਨ ਦੀ ਨਿਆਈਂ ਨਾਮ-ਸਿਫ਼ਤਿ-ਸਲਾਹ ਦੀ ਚੜ੍ਹਦੀ ਕਲਾ ਵਿਚ ਸਹਾਈ ਹੁੰਦਾ ਹੈ ਅਤੇ ਏਸੇ ਕਰਕੇ ਹੀ ਇਹ ਨਾਮ ਦੇ ਸੰਗ ਸਾਥ ਸਾਧਨ ਸੰਪੰਨ ਸੁਕ੍ਰਿਤ ਕਰਮ ਬਿਬੇਕ ਹੈ, ਜਿਸ ਦਾ ਧਾਰਨ



www.AKJ.Org

ਕਰਨਾ ਹਰ ਇਕ ਸੁਚਿਆਰ ਸਿਖ ਲਈ ਅਤੀ ਜ਼ਰੂਰੀ ਹੈ, ਜੋ ਕਿ ਸਦਾ ਨਾਮ ਮਹਾਂ ਰਸ ਦੀਆਂ ਚੜ੍ਹਦੀਆਂ ਬਿਬੇਕ ਕਲਾਂ ਵਾਲੀਆਂ ਰੰਗ ਰਲੀਆਂ ਮਾਨਣਾ ਲੋਚਦਾ ਹੈ। ਪਰਮ ਹੁਕਮ ਨਾਮ ਬਿਬੇਕ ਦੀ ਪਾਲਨਾ ਲਈ ਆਪਾ ਅਰਪਨ ਕਰਨਾ ਪੈਂਦਾ ਹੈ, ਕਿਉਂਕਿ ਆਪਾ ਅਰਪਨ ਕਰਨਾ ਭੀ ਗੁਰੂ ਕਾ ਹੁਕਮ ਹੈ, ਜਿਸ ਦੇ, ਪਰਮ ਹੁਕਮ ਦੇ ਤਾਬਿਆ, ਕਮਾਵਣ ਦੀ ਸਦਾ ਲੋੜ ਹੈ। ਆਪਣੇ ਪਾਸ ਜੋ ਕੁਛ ਭੀ ਹੈ, ਆਪਣੇ ਆਪ ਸਾਰਖਾ ਭੀ ਗੁਰੂ ਨਮਿਤ ਅਰਪਣ ਕਰ ਦੇਣਾ ਗੁਰਮਤਿ ਦਾਨ ਹੈ, ਗੁਰੂ ਘਰ ਵਿਖੇ ਸਭ ਤੋਂ ਸ੍ਰੇਸ਼ਟ ਸੇਵਾ ਸਮਰਪਨ ਅਤੇ ਆਪਾ ਅਰਪਨ ਦਾ ਪ੍ਰਤਖ ਨਮੂਨਾ ਗੁਰ ਦਸਮੇਸ਼ ਜੀ ਦੇ ਉਚਾਰੇ ਇਸ ਗੁਰਵਾਕ ਤੋਂ ਵਿਦਮਾਨ ਹੈ। ਸ੍ਵੈਯਾ :

ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹਿ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥੩॥

ਪਾ: ੧੦, ਗਿਆਨ ਪ੍ਰਬੋਧ, ਅਖ਼ੀਰ

ਜੋ ਓਹਨਾਂ ਨੇ ਪ੍ਰਤਖ ਕਮਾ ਕੇ ਦਿਖਾਇਆ ਅਤੇ ਸਿਖ ਬਿਬੇਕੀ ਜਨਾਂ ਲਈ ਆਪਾ ਅਰਪਨ ਕਰਨ ਦੇ ਅਸਲ ਪੂਰਨੇ ਪਾਏ। ਤਨ ਕਰਕੇ ਅਤੇ ਧਨ ਸਮੇਤ ਸਭ ਕੁਛ ਗੁਰ ਵਿਟਹੁ, ਗੁਰੂ ਪੰਥ ਵਿਟਹੁ, ਗੁਰਸਿਖਾਂ ਵਿਟਹੁ ਅਰਪਣ ਕਰ ਦੇਣਾ ਗੁਰੂ ਘਰ ਦਾ ਸ੍ਰੇਸ਼ਟ ਦਾਨ ਬਿਬੇਕ ਹੈ। ਅਤੇ ਇਸ ਦਾਨ ਅਰਪਨ ਬਿਬੇਕ ਅੰਦਰ ਇਕ ਪ੍ਰੇਮ ਦਾ ਉਮਾਹ ਹੈ, ਇਕ ਇਸ਼ਕ ਦਾ ਉਛਾਲਾ (ਜਜ਼ਬਾ) ਹੈ, ਇਕ ਭਾਉ ਭਗਤੀ ਦਾ ਵਲਵਲਾ ਹੈ, ਜਿਸਦੀ ਮਸਤੀ ਵਿਚ ਬੇਧੇ, ਤਾਣ ਪ੍ਰਵੇਧੇ ਹੋਏ ਓਹ ਸਭ ਕੁਛ ਅਰਪਨ ਕਰੀ ਜਾਂਦੇ ਹਨ; ਜਿਵ ਜਿਵ ਕਿ ਉਨ੍ਹਾਂ ਨੂੰ ਹੁਕਮ ਰਜ਼ਾ ਅਨੁਸਾਰ ਪ੍ਰੇਰਨਾ ਹੁੰਦੀ ਹੈ। ਹਰਿ ਦਰਸਨ ਕੈ ਜਨ, ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ-ਪਿੜ ਦੇ ਖਿਡਾਰੀ ਆਨੰਦ ਸਾਹਿਬ ਦੀ ਬਾਣੀ ਦਾ, ਨਿਤ ਨੇਮ ਦੀ ਅੰਮ੍ਰਿਤ ਬਾਣੀ ਦਾ ਪਾਠ ਕਰਦੇ ਹੋਏ ਨਿਤ ਇਸ ਹੁਕਮ ਰਜ਼ਾ ਵਿਚ ਦੀ ਲੰਘਦੇ ਹਨ ਕਿ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥੯॥ਰਾਮਕਲੀ ਮ: ੩ ਅਨੰਦੁ,ਪੰਨਾ ੯੧੮

ਓਹ ਆਪਣੀ ਸਚਿਆਰਤਾ ਦੀ ਰੌਸ਼ਨੀ ਦੇ ਪ੍ਰਭਾਵ ਤਲੇ ਪ੍ਰਤਖ ਅਨੁਭਵ ਕਰਦੇ ਹਨ ਕਿ ਤਨ, ਮਨ, ਧਨ, ਸਰਬੰਸ (ਸਭ ਕੁਛ) ਗੁਰੂ ਨਮਿਤ ਗੁਰੂ ਉਪਰੋਂ ਵਾਰ ਦੇਣਾ, ਗੁਰੂ ਪੰਥ ਉਪਰ ਦੀ ਕੁਰਬਾਨ ਕਰ ਸੁਟਣਾ ਅਤੇ ਗੁਰਸਿਖਾਂ ਦੇ ਸਦਕੇ ਵਾਰਨੇ ਬਲਿਹਾਰਨੇ ਕਰ ਦੇਣਾ ਹੁਕਮ ਹੈ। ਅਤੇ ਗੁਰੂ ਕਾ ਹੁਕਮ, ਅਟੱਲ ਪ੍ਰਤਾਪੀ ਹੁਕਮ ਹੈ। ਅਤੇ ਇਸ ਹੁਕਮ ਦੇ ਨਿਤ ਪੜ੍ਹਨ ਪਾਠ ਕਰਨ ਦਾ ਅਸਲ ਲਾਭ ਇਹ ਹੈ ਕਿ ਇਸ ਨੂੰ ਕਮਾਇਆ ਭੀ ਜਾਵੇ। ਸੋ ਜੋ ਕਮਾਉਂਦੇ ਹਨ ਸੋ ਅਸਲੀ ਬਿਬੇਕੀ ਸਿੰਘ ਸੁਜਾਨ ਹਨ। ਜਿਨ੍ਹਾਂ ਨੇ ਇਸ ਬਿਧਿ ਆਪਾ ਅਰਪਣ ਕਰ ਕੇ ਆਪਣਾ ਆਪ ਗਵਾਇਆ ਹੈ ਤਿਨ੍ਹਾਂ ਨੇ ਹੀ ਪ੍ਰੀਤਮ ਨੂੰ ਪਾਇਆ ਹੈ। ਉਹਨਾਂ ਨੂੰ ਭਾਵੇਂ ਲੋਕੀ ਕੰਗਲਾ ਕਹੇ, ਗਰੀਬ ਕਹੇ, ਨਿਮਾਣਾ ਕਹੇ, ਨਿਤਾਣਾ ਕਹੇ, ਨਿਥਾਵਾਂ ਕਹੇ, ਘਰ ਘਾਟੋਂ ਹੀਣਾ ਕਹੇ, ਪਰ ਲੋਕਾਂ ਦੇ ਕਹੇ ਤੇ ਕੀ ਬਣਦਾ ਹੈ। ਉਹਨਾਂ ਦੇ ਏਸ ਕੰਗਲਾਪਣ ਨੇ ਹੀ, ਉਨ੍ਹਾਂ ਦੀ ਏਸ ਗਰੀਬੀ ਨੇ ਹੀ ਉਹਨਾਂ ਦਾ ਮਨ ਨੀਵਾਂ ਕੀਤਾ ਹੈ ਤੇ ਮਤਿ ਉਚੀ ਕੀਤੀ ਹੈ। ਇਸ ਬਿਧਿ ਨੀਵੇਂ ਹੋਣ ਕਰਕੇ ਹੀ ਉਹ ਨਾਮ ਦੇ ਰੰਗਾਂ ਵਿਚ ਰਤੇ ਗਏ ਹਨ, ਅਤੇ ਉਹ ਅਤਿ ਉਚੀ ਮਤਿ ਵਾਲੇ, ਉਚੀਆਂ ਤੇ ਉਚੀ ਗੁਰਮਤਿ ਮਤਿ ਵਾਲੇ ਹੋ ਗਏ ਹਨ। ਅਤੇ "ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥"*ਇਹ ਅਚੱਲ ਉਚੀ ਗੁਰਮਤਿ ਮਤਿ ਨਾਮ ਰਤੇ ਰੰਗਾਂ ਵਾਲੀ ਬਿਰਤੀ ਹੈ, ਜਿਸ ਥੋਂ ਚਲਾਇਮਾਨ ਕੋਈ ਨਹੀਂ ਕਰ ਸਕਦਾ। ਐਸੇ ਨਾਇ ਰਸੀਅੜੇ, ਨਾਮ-ਰੰਗਾਂ ਵਿਚ ਰਤੇ ਗੁਰਮੁਖ ਜਨਾਂ ਦੇ ਪ੍ਰਤਾਪ ਕਰਕੇ ਹੀ ਸੰਸਾਰਕ ਗਰੀਬੀ, ਮਾਇਕ ਕੰਗਲਾਪਨ ਵਿਚ ਗਰਕ ਹੋਣੋਂ ਸਾਰਾ ਸੰਸਾਰ ਬਚਿਆ ਹੋਇਆ ਹੈ। ਐਸੇ :

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵੇਕਾਰੀ ॥੧॥੧੬॥੮੦॥

ਸੋਰਠਿ ਮ: ੫, ਪੰਨਾ ੬੨੮

*ਬਿਹਾਗੜੇ ਕੀ ਵਾਰ, ਮ: ੩, ਪੰਨਾ ੫੪੮-੪੯



www.AKJ.Org

ਵਾਲੀ ਬਿਵਸਥਾ ਦੇ ਗੁਰਮੁਖ ਗਰੀਬਾਂ, ਨਾਇ-ਰਤੜੇ-ਨਿਮਾਣਿਆਂ ਦੀ ਬਦੌਲਤ ਹੀ ਸਾਰਾ ਜਗ ਖਾਂਦਾ ਪੀਂਦਾ ਰਸਦਾ ਵਸਦਾ ਅਤੇ ਖੜਾ ਕਾਇਮ ਦਿਸਦਾ ਹੈ, ਜੈਸੇ ਕਿ ਗੁਰਵਾਕ ਹੈ :

ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ॥੨॥੧੨॥ ਮ: ੩,ਵਾਰ ਸੋਰਠ,੬੪੭

ਪੁਨਾ : ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥

ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥੧੧॥ਗਉੜੀਕੀਵਾਰਮ:੪,੩੦੬

ਗੁਰਬਾਣੀ ਦਾ ਫ਼ੁਰਮਾਨ ਹੈ—

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ...॥੪॥

ਮਲਾਰ ਮ: ੪, ਪੰਨਾ ੧੨੬੪

ਗੁਰਮੁਖ ਗਰੀਬਾਂ ਦੀ ਰਸਨਾ ਹੀ ਗੁਰੂ ਕੀ ਗੋਲਕ ਹੈ। ਐਸੇ ਹੀ ਗੁਰਮੁਖ ਗਰੀਬਾਂ ਨੂੰ ਗੁਰੂ ਨਮਿਤ ਦਿਤਾ ਭੋਜਨ ਛਾਦਨ ਸਫਲ ਹੈ। ਤਾਂ "ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥" ਇਹ ਗਰੀਬੀ ਕੰਗਾਲਤਾ ਨਹੀਂ, ਕਿੰਤੂ ਕੰਗਲਿਆਂ ਨੂੰ ਨਵ ਨਿਧਾਨ ਉਪਜਾਉਣ-ਹਾਰੀ "ਗੁਰਮਤਿ ਰਿਦੈ ਗਰੀਬੀ" ਹੈ। ਜਿਥੇ, ਜਿਸ ਰਿਦੇ ਵਿਖੇ ਇਸ ਗਰੀਬੀ ਦਾ ਵਾਸ ਹੈ, ਓਥੇ ਹਉਮੈ (ਬਿਪਤਾ-ਦਲਿਦਰ) ਦਾ ਨਾਸ ਹੈ। ਇਹਨਾਂ ਗਰੀਬਾਂ ਦੀ ਘਾਲ ਕਮਾਈ ਤੇ ਸੁਰਜੀਤ (ਪ੍ਰਚੁਰ ਹੋਏ) ਗੁਰੂ ਕੇ ਲੰਗਰ ਤੇ ਅਨੇਕ ਖੁਧਿਆਵੰਤ ਗਰੀਬ ਅਤੇ ਕਰੋੜਾਂ ਕੰਗਲੇ ਵਰਸਾਉਂਦੇ ਹਨ। ਹਉਮੈ ਹੈਂਕੜ ਵਾਲੇ ਕੰਗਲੇ ਭੀ ਇਸ ਲੰਗਰ ਤੇ ਵਰੋਸਾਏ ਜਾਣ ਕਰਕੇ ਗੁਰਮੁਖ ਰਿਦੇ ਗਰੀਬੀ ਵਾਲੇ ਹੋ ਜਾਂਦੇ ਹਨ। ਕਿਉਂਕਿ ਗੁਰੂ ਦੇ ਲੰਗਰ ਦੇ ਸੇਵਾਦਾਰ ਅਜਿਹੇ ਗੁਰਮੁਖ ਸਿੰਘ ਬਿਬੇਕੀ ਹੁੰਦੇ ਹਨ, ਜਿਨ੍ਹਾਂ ਨੇ ਆਪਣਾ ਆਪ ਸਭ ਨਿਛਾਵਰ ਕਰ ਕੇ ਨਾਮ ਮਹਾਂ ਰਸ ਵਿਚ ਸੰਤੁਸ਼ਟਤਾ ਪਾਈ ਹੋਈ ਹੁੰਦੀ ਹੈ। ਉਹਨਾਂ ਦੇ ਨਿਕਟ ਸੰਸਾਰਕ ਪਦਾਰਥਾਂ ਦੀ ਤ੍ਰਿਸ਼ਨਾ-ਕਾਮਨਾ ਫਟਕਣੀ ਨਹੀਂ ਪਾਉਂਦੀ। ਸਤਿ ਸੰਤੋਖ ਦੇ ਉਚ ਪਦ ਵਿਚ ਵਸਦੇ ਹੋਏ ਲੋਭ ਲਹਿਰ ਦੀ ਵਾਸ਼ਨਾ ਤੋਂ ਸਦਾ ਨਿਰਵਾਸ ਰਹਿੰਦੇ ਹਨ। ਨਿਸ਼ਕਾਮ ਸੇਵਾ ਓਹਨਾਂ ਦਾ ਨਿਮਰੀ ਅਹਾਰ ਹੁੰਦਾ ਹੈ। ਅਜਿਹੇ ਉਚ ਪਦ ਵਿਚ ਵਸਣ ਵਾਲੇ ਜਿਸ ਲੰਗਰ ਦੇ ਸੇਵਾਦਾਰ ਹੋਣ, ਉਥੇ ਅਗੰਮੀ ਕਲਾ ਲੰਗਰ ਭੁੰਚਣਹਾਰਿਆਂ ਉਤੇ ਕਿਉਂ ਨ ਵਰਤੇ! ਇਹੀ ਕਾਰਨ ਹੈ ਕਿ ਗੁਰੂ ਕੇ ਲੰਗਰ ਦੇ ਭੋਜਨ ਭੁੰਚਣਹਾਰਿਆਂ ਦੇ ਜੀਵਨ ਪਲਟ ਜਾਂਦੇ ਹਨ। ਇਹ ਕਲਾਧਾਰੀ ਗੁਰਮੁਖ ਗਰੀਬਾਂ ਦੀ ਸੇਵਾ ਘਾਲਣਾ ਦੇ ਕਾਰਨਾਮੇ ਹਨ। ਹੈਂਕੜ ਵਾਲਿਆਂ ਸਿਕਦਾਰਾਂ ਦੀ, ਗੁਰੂ ਕੇ ਲੰਗਰ ਤੋਂ ਗਫੇ ਲਗਾਇਆਂ, ਕਾਇਆਂ ਪਲਟ ਜਾਂਦੀ ਹੈ ਅਤੇ ਉਹਨਾਂ ਦੇ ਹੈਂਕੜ ਹੰਕਾਰ ਦੂਰ ਹੋ ਕੇ ਅੰਦਰ ਗਰੀਬੀ ਆ ਜਾਂਦੀ ਹੈ। ਇਸ ਬਿਧਿ ਰਿਦਾ ਸੁਧ ਹੋਣ ਕਰਿ ਉਹਨਾਂ ਦੇ ਅੰਤਰਿ-ਆਤਮੇ ਸੁਧ ਪ੍ਰਮਾਤਮਾ ਦੀ ਝਲਕ ਵਜ ਸਕਦੀ ਹੈ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਅਮਰ ਦੇਵ ਜੀ ਤੀਜੀ ਪਾਤਸ਼ਾਹੀ ਨੇ ਇਹ ਹੁਕਮ ਦੇ ਰਖਿਆ ਸੀ ਕਿ ਪਹਿਲਾਂ ਗੁਰੂ ਕੇ ਲੰਗਰ ਵਿਖੇ ਜਾ ਕੇ ਜੋ ਗਫੇ ਲਗਾਵੇਗਾ ਉਹੀ ਗੁਰੂ ਕੇ ਦੀਵਾਨ ਵਿਚ ਆ ਕੇ ਗੁਰੂ ਕਾ ਦਰਸ਼ਨ ਪਾਵੇਗਾ।

ਪ੍ਰਕਾਸ਼ ਰੂਪ ਪ੍ਰਮਾਤਮਾ ਜੋਤਿ ਬਿਗਾਸ ਗੁਰੂ ਕੇ ਦਰਸ਼ਨਾਂ ਦਾ ਅਕਸ ਸੁਧ ਰਿਦੇ, ਗੁਰਮੁਖ ਗਰੀਬੀ ਵਾਲੇ ਰਿਦੇ ਵਿਚ ਹੀ ਪੈ ਸਕਦਾ ਹੈ। ਅੰਮ੍ਰਿਤ ਨਾਮ ਦਾ ਨਿਸ਼ਾਨ ਇਹ ਗੁਰਮੁਖ ਗਰੀਬੀ ਹੈ। ਨਾਮ ਦੇ ਨਿਧਾਨ ਨੂੰ ਉਪਜਾਉਣ ਪ੍ਰਾਪਤ ਕਰਾਉਣਹਾਰੀ ਇਹ ਗਰੀਬੀ ਹੈ। ਤਾਹੀਓਂ ਤਾਂ ਇਸ ਦਾ ਨਾਮ ਨੌ-ਨਿਧਿ-ਨਾਮ ਗਰੀਬੀ ਹੈ। ਇਹੋ ਨੌ-ਨਿਧਿ-ਨਾਮ ਗਰੀਬੀ ਦੀ ਦਾਤ ਇਲਾਹੀ ਹੈ, ਜੋ ਸਚਖੰਡ ਪਹੁੰਚ ਕੇ ਗੁਰੂ ਬਾਬੇ ਨੇ ਪਾਈ ਹੈ, ਅਤੇ ਗੁਰਸਿਖਾਂ ਦੇ ਗੁਰਮੁਖ ਪੰਥ ਵਿਚ ਆਨ ਵਰਤਾਈ ਹੈ। ਵਾਕ ਭਾਈ ਗੁਰਦਾਸ ਜੀ :

"ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ" ॥੧/੨੪

ਤਥਾ : "ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥"੧੨/੪

ਸੋ ਆਪਾ ਅਰਪਣ ਦਾ ਉਤਮ ਫਲ ਇਹੀ ਗਰੀਬੀ ਹੈ ਅਤੇ ਗੁਰਮਤਿ ਦਾਨ ਦਾ ਉਤਮ ਅੰਗ ਆਪਾ ਅਰਪਨ ਹੈ। ਜਿਸ ਨੇ ਆਪਾ ਅਰਪ ਦਿਤਾ, ਉਸ ਨੇ ਸਭ ਕੁਝ ਅਰਪ ਦਿਤਾ, ਤਨ ਭੀ, ਮਨ ਭੀ ਅਤੇ ਧਨ ਭੀ। ਏਸੇ ਆਪਾ


www.AKJ.Org

ਅਰਪਣ, ਆਪਾ ਤਜਣ ਦਾ ਗੁਰਮਤਿ ਦਾਨ, ਬਿਬੇਕ ਧਾਰਨ ਕਰਕੇ ਇਹ ਗੁਰਮਤਿ ਦੇ ਬਿਬੇਕੀ ਭਗਤ ਜਨਾਂ ਦੀ ਰਹਿਣੀ ਬਹਿਣੀ ਚਾਲ ਨਿਰਾਲੀ ਹੈ। ਜੈਸਾ ਕਿ ਅਨੰਦ ਸਾਹਿਬ ਦੀ ਚੌਧਵੀਂ ਪਉੜੀ ਦਾ ਗੁਰਮਤਿ ਭਾਵ ਹੈ। ਯਥਾ:

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥ ਰਾਮਕਲੀ ਮ: ੩ ਅਨੰਦੁ, ਪੰਨਾ ੯੧੮

ਇਸ ਗੁਰਵਾਕ ਰੂਪੀ ਹੁਕਮ ਤੋਂ ਵਿਦਤ ਹੈ ਕਿ ਲਬੁ ਲੋਭੁ ਹੰਕਾਰੁ ਅਤੇ ਤ੍ਰਿਸ਼ਨਾ ਦੇ ਤਜਣ ਤਿਆਗਣ ਤੋਂ, ਆਪਾ ਤਜਣ ਤਿਆਗਣ ਦਾ ਗੁਰਮਤਿ ਦਾਨ ਬਿਬੇਕ ਬਣਿ ਆਉਂਦਾ ਹੈ। ਐਥੋਂ ਤਕ ਕਿ ਇਸ ਗੁਰਮਤਿ ਆਪਾ ਤਿਆਗ ਦੇ ਦਾਨ ਅਰਪਣ ਕਰਮ ਬਿਬੇਕ ਅੰਦਰਿ–

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥੩॥ ਸੂਹੀ ਮ: ੫, ਪੰਨਾ ੭੬੩

ਗੁਰਵਾਕ ਦੇ ਭਾਵ ਅਨੁਸਾਰ ਗੁਰ ਦਰਸਾਏ ਹੁਕਮਾਂ ਤੋਂ ਫ਼ਾਲਤੂ ਬੋਲ ਬੋਲਣ ਦੀ ਭੀ ਜਾ ਨਹੀਂ। ਇਕੋ ਹਰੀ ਨਾਮ ਦੀ ਵਾਸ਼ਨਾ ਹੀ, ਗੁਰਮਤਿ ਬਿਬੇਕ ਅਨੁਸਾਰੀ ਦਾਨੀਆਂ (ਆਪਾ ਦਾਨ ਕਰਨਹਾਰਿਆਂ) ਦੇ ਅੰਤਰਿ-ਆਤਮੇ ਸਮਾ ਜਾਂਦੀ ਹੈ। ਨਾਮ ਵਾਸ਼ਨਾ ਸੰਦੀ ਪ੍ਰਮਾਰਥੀ ਵਾਸ਼ਨਾ ਤੋਂ ਛੁਟ ਦੂਤੀ ਹੋਰ ਹਰ ਪ੍ਰਕਾਰੀ ਵਾਸ਼ਨਾ ਭੀ ਅਰਪ ਦੇਣੀ ਪੈਂਦੀ ਹੈ। ਇਹ ਮਨ ਅਰਪਨ ਦਾ ਪੂਰਨ ਦਾਨ ਹੈ। ਸੋ–

ਇਹ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥
ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਾਚਾ ਨਾਉ ॥੬॥੫॥੭॥ (ਸੂਹੀ ਮ: ੧, ਪੰਨਾ ੭੩੦)

ਦੇ ਪੂਰਨ ਤਨ ਅਰਪਨੀ ਦਾਨ ਦੇ ਨਾਲ:

"ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥"੧॥੧੧੯॥
(ਗਉੜੀ ਮ: ੫, ਪੰਨਾ ੨੦੪)

ਦਾ ਪੂਰਨ ਮਨ-ਅਰਪਨੀ ਤੇ ਆਪਾ ਧਨ ਵਾਰਨੀ ਦਾਨ ਜੁੜਦਾ ਹੈ, ਤਦ ਪੂਰਨ ਆਪਾ-ਅਰਪਨੀ-ਗੁਰਮਤਿ-ਬਿਬੇਕ ਦਾਨ ਬਣਦਾ ਹੈ।

**ਗੁਰਮਤਿ ਬਿਬੇਕ ਦਾਨ ਬਿਬੇਕੀ ਦੀ ਉਚ ਅਵਸਥਾ ਪਰਉਪਕਾਰ:**

ਇਸ ਅਵਸਥਾ ਤੇ ਅਪੜ ਕੇ ਗੁਰਮਤਿ ਬਿਬੇਕ ਦਾਨ ਪੂਰਨ ਪਰਉਪਕਾਰ ਦੇ ਸਰੂਪ ਵਿਚ ਬਦਲ ਜਾਂਦਾ ਹੈ, ਅਤੇ ਪਰਉਪਕਾਰੀ ਬਿਬੇਕੀ ਜਨ ਪਰਉਪਕਾਰ ਕਮਾਉਂਦੇ ਹੋਏ ਇਸ ਬਿਧਿ ਆਪਣਾ ਆਪ ਗਵਾਇ ਕੇ (ਆਪਾ ਅਰਪਨ ਕਰ ਕੇ) ਭੀ ਆਪਾ ਨਹੀਂ ਜਣਾਉਂਦੇ; ਜੈਸੇ ਕਿ "ਆਪੁ ਗਵਾਇ ਨ ਆਪੁ ਗਣਾਇਆ"* ਦਾ ਮਹਾਂ ਵਾਕ ਹੈ। ਕਿਉਂਕਿ ਉਕਤ ਪਰਉਪਕਾਰੀ ਬਿਬੇਕੀ ਜਨ ਪਰਉਪਕਾਰੀ ਕਰਮ ਕਮਾਉਂਦੇ ਹੋਏ ਭੀ ਨਿਹਕਰਮੀ ਹੁੰਦੇ ਹਨ, ਜੈਸੇ ਕਿ ਇਸ ਗੁਰਵਾਕ ਦਾ ਆਸ਼ਾ ਹੈ: "ਕਰਮ ਕਰਤ ਹੋਵੈ ਨਿਹਕਰਮ"†। ਨਿਹਕਰਮੀਆਂ ਦੇ ਕਮਾਵਣ ਰੂਪੀ ਬਿਬੇਕ ਅੰਦਰਿ ਹਉਮੈ ਦੀ ਕਾਈ ਨਹੀਂ ਹੁੰਦੀ। ਇਸ ਕਰਕੇ ਉਹਨਾਂ ਦੇ ਰਿਦੰਤਰਿ ਆਪਾ ਜਣਾਉਣ ਦੀ ਰਾਈ ਭੀ ਨਹੀਂ ਰਹਿੰਦੀ। ਜੇ ਹਉਮੈ ਅਪਣੱਤ ਦੀ ਕਾਈ ਰਾਈ ਰਹਿ ਜਾਵੇ ਤਾਂ ਨਿਹਕਰਮੀ ਕਾਹਦੇ? ਜੈਸਾ ਕਿ ਗੁਰਵਾਕ ਹੈ:

ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥੩੧॥੩੨॥
[ਮਾਝ ਮ: ੩, ਪੰਨਾ ੧੨੮

"ਗੁਰਮਤਿ ਬਿਬੇਕ" ਵਿਚੋਂ]

* ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੩ † ਸੁਖਮਨੀ ਮ: ੫, ਅਸਟ: ੯, ਪਦਾ ੨



www.AKJ.Org

# ਕਾਹੇ ਜਗਿ ਆਏ ਰਾਮ ਰਾਜੇ (੨)

[ਸੂਬੇਦਾਰ ਧਰਮ ਸਿੰਘ ਜੀ, ਪਿੰਡ ਸੂਜੋਂ ਜ਼ਿਲਾ ਜਲੰਧਰ]

(ਲੜੀ ਜੋੜਨ ਲਈ ਵੇਖੋ 'ਸੂਰਾ' ਦਸੰਬਰ ੧੯੮੮)

ਇਸੇ ਲੇਖ ਦੀ ਪਿਛਲੀ ਕਿਸ਼ਤ ਵਿਚ ਅਸੀਂ ਪੜ੍ਹ ਆਏ ਹਾਂ ਕਿ ਮੈਂ (ਜੀਵ-ਆਤਮਾ) ਪਰਮ-ਆਤਮਾ ਦੀ ਅੰਸ਼ ਹਾਂ, ਪਰਮ-ਆਤਮਾ ਵਿਚ ਲੀਨਤਾ ਮੇਰਾ ਜੀਵਨ-ਉਦੇਸ਼ ਹੈ। ਇਸ ਉਦੇਸ਼ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ ?

ਰੇਲ ਗੱਡੀ ਅੰਮ੍ਰਿਤਸਰ ਤੋਂ ਬੰਬਈ ਲਈ ਰਵਾਨਾ ਹੁੰਦੀ ਹੈ। ਅਨੇਕਾਂ ਮੁਸਾਫਿਰ ਸਵਾਰ ਹਨ। ਆਪਣੇ ਆਪਣੇ ਖ਼ਰੀਦੇ ਹੋਏ ਟਿਕਟ ਅਨੁਸਾਰ ਰਸਤੇ ਵਿਚ ਆਪਣਾ ਸਟੇਸ਼ਨ ਆਉਣ ਤੇ ਉਤਰਦੇ ਜਾਂਦੇ ਹਨ। ਬੰਬਈ ਤਾਂ ਸਿਰਫ਼ ਓਹ ਹੀ ਕਿਸਮਤ ਵਾਲੇ ਪਹੁੰਚਦੇ ਹਨ ਜਿਨ੍ਹਾਂ ਦੇ ਪਾਸ ਬੰਬਈ ਦਾ ਟਿਕਟ ਹੈ। ਇਸੀ ਤਰ੍ਹਾਂ ਅਸੀਂ ਇਸ ਜੀਵਨ-ਯਾਤਰਾ ਦੇ ਵਖੋ ਵਖ ਸਟੇਸ਼ਨ ਮੁਕੱਰਰ ਕੀਤੇ ਹੋਏ ਹਨ। ਉਨ੍ਹਾਂ ਨਿਸ਼ਾਨਿਆਂ ਤਾਈਂ ਅਪੜਨ ਲਈ ਯਤਨ-ਸ਼ੀਲ ਹਾਂ। ਈਸਾਈ ਅਤੇ ਮੁਸਲਿਮ ਮੱਤ ਦਾ ਨਿਸ਼ਾਨਾ Heaven ਜਾਂ ਬਹਿਸ਼ਤ ਹਾਸਲ ਕਰਨਾ, ਅਤੇ Hell ਜਾਂ ਦੋਜ਼ਖ਼ ਤੋਂ ਬਚਣਾ ਹੈ। ਇਨ੍ਹਾਂ ਦੋਨਾਂ ਧਰਮਾਂ ਨੇ ਆਪਣੇ ਆਪਣੇ ਧਰਮ ਦਾ ਕਰਮ ਕਾਂਡ ਇਸ ਤਰ੍ਹਾਂ ਦਾ ਬਣਾਇਆ ਹੈ ਜਿਸ ਨਾਲ ਇਹ ਬਹਿਸ਼ਤ ਦੇ ਅਨੰਦ ਮਾਣ ਸਕਣ। ਹਿੰਦੂ ਮੱਤ ਵਿਚ ਭੀ ਕੁਝ ਵਰਗ ਐਸਾ ਹੈ ਜੋ ਸਵਰਗ ਦਾ ਚਾਹਵਾਨ ਹੈ, ਪਰ ਜ਼ਿਆਦਾ ਤਰ ਨਿਸ਼ਾਨਾ ਜਨਮ ਮਰਨ ਦੇ ਚਕਰ ਤੋਂ ਆਜ਼ਾਦ ਹੋਣ ਜਾਂ ਮੁਕਤੀ ਹਾਸਿਲ ਕਰਨਾ ਹੈ।

ਜਪੁਜੀ ਸਾਹਿਬ ਵਿਚ ਅਕਾਲ ਪੁਰਖ ਦੀ ਦਿਵ ਰਚਨਾ ਵਿਚ ਪੰਜ ਖੰਡਾਂ ਦਾ ਜ਼ਿਕਰ ਆਉਂਦਾ ਹੈ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇਨ੍ਹਾਂ ਖੰਡਾਂ ਦੀ ਜੋ ਵਿਆਖਿਆ ਕੀਤੀ ਹੈ, ਉਸ ਅਨੁਸਾਰ ਨਰਕ ਸੁਰਗ, ਜਾਂ ਦੋਜ਼ਖ਼ ਬਹਿਸ਼ਤ ਧਰਮ ਖੰਡ ਜਾਂ ਸਭ ਤੋਂ ਨਿਚਲੇ ਤਬਕੇ ਵਿਚ ਹਨ। ਮੁਕਤੀ ਦੇ ਚਾਹਵਾਨ ਗਿਆਨ ਪ੍ਰਾਪਤ ਕਰਨ ਵਿਚ ਮੁਕਤੀ ਸਮਝਦੇ ਹਨ ਤੇ ਇਹ ਦੂਸਰੇ ਖੰਡ ਜਾਂ ਗਿਆਨ ਖੰਡ ਤਕ ਪਹੁੰਚਦੇ ਹਨ। "ਸੱਚ ਖੰਡਿ ਵਸੈ ਨਿਰੰਕਾਰੁ"—ਜਿਸ ਦਾ ਨਿਸ਼ਾਨਾ ਨਿਰੰਕਾਰ ਦਾ ਮਿਲਾਪ ਹੋਵੇ, ਓਹ ਹੀ ਸੱਚ ਖੰਡ ਜਾਣ ਦੀ ਕੋਸ਼ਿਸ਼ ਕਰੇਗਾ।

ਅਸੀਂ ਨਰਕ ਸੁਰਗ ਦੇ ਅਸੂਲ ਤੇ ਵਿਚਾਰ ਕਰ ਕੇ ਸਮਾਂ ਗੁਆਉਣ ਦੀ ਥਾਂ, ਇਸ ਤੋਂ ਅਗੇ ਮੁਕਤੀ ਤੇ ਸੱਚ ਖੰਡ ਦੀ ਪਹੁੰਚ ਦੇ ਢੰਗ-ਤਰੀਕਿਆਂ ਤੇ ਹੀ ਵਿਚਾਰ ਕਰਾਂਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਹਿੰਦੁਸਤਾਨ ਵਿਚ "ਪਰਮ ਸੁਖ" ਦੀ ਪ੍ਰਾਪਤੀ ਦੇ ਹੇਠ ਲਿਖੇ ਸਾਧਨ ਸਨ–

**ਵੇਦਾਂਤ–**

ਹਿੰਦੂ ਮਤ ਦੇ ਛੇ ਸ਼ਾਸਤਰਾਂ ਵਿਚੋਂ ਇਕ ਸ਼ਾਸਤਰ ਵੇਦਾਂਤ ਸ਼ਾਸਤਰ ਹੈ, ਜਿਸ ਦੇ ਕਰਤਾ ਵਿਆਸ ਜੀ ਹਨ। ਪਹਿਲੇ ਪਹਿਲ ਹਿੰਦੁਸਤਾਨ ਵਿਚ ਵੇਦਾਂਤ ਮੱਤ ਦਾ ਬੋਲ-ਬਾਲਾ ਸੀ। ਬੁਧ ਮੱਤ ਦੀ ਪਰੱਗਤੀ ਨਾਲ ਇਹ ਮੱਤ ਅਲੋਪ ਹੋਣ ਲਗਾ। ਸਵਾਮੀ ਸ਼ੰਕਰ ਅਚਾਰੀਆ ਜੀ ਨੇ ਵੇਦਾਂਤ ਮੱਤ ਦਾ ਜ਼ੋਰਦਾਰ ਪਰਚਾਰ ਕਰ ਕੇ ਇਸ ਮੱਤ ਨੂੰ ਮੁੜ ਸੁਰਜੀਤ ਕੀਤਾ। ਬੁਧ ਮੱਤ ਅਰਧ-ਨਾਸਤਕ ਹੋਣ ਕਰਕੇ ਕਮਜ਼ੋਰ ਪੈ ਗਿਆ। ਸਵਾਮੀ ਜੀ ਨੇ ਆਪਣੀ ਪੁਸਤਕ "ਅਪਰੋਖਸ਼ ਅਨਭਵਤੀ" ਵਿਚ ਵੇਦਾਂਤ ਮੱਤ ਤੇ ਵਿਸਥਾਰ ਪੂਰਬਕ ਵਿਚਾਰ ਕੀਤੀ ਹੈ। ਓਹ ਲਿਖਦੇ ਹਨ, ਇਕ ਮਹਾਂ ਸ਼ਕਤੀ ਦੇ ਵਿਸਥਾਰ ਦਾ ਨਾਮ ਸੰਸਾਰ ਹੈ। ਇਸ ਹਸਤੀ ਜਾਂ ਸ਼ਕਤੀ ਨੂੰ ਬ੍ਰਹਮ ਜਾਂ ਆਤਮਾ ਦਾ ਨਾਮ ਦਿੰਦੇ ਹਨ। ਬ੍ਰਹਮ ਤੇ ਆਤਮਾ ਇਕ ਹੀ ਹਸਤੀ ਕਰਾਰ ਦਿੰਦੇ ਹਨ। ਆਪਣੀ ਆਤਮਾ ਦੇ ਦਰਸ਼ਨ ਕਰਨਾ ਜਾ "ਆਤਮ ਸਾਖਸ਼ਾਤ-ਕਾਰ" ਜੀਵਨ ਦਾ ਲਕਸ਼ ਦਸਦੇ ਹਨ ਅਤੇ ਇਸ ਦੀ ਪ੍ਰਾਪਤੀ ਲਈ ਪੰਦਰ੍ਹਾਂ ਅੰਗਾਂ ਵਾਲੇ ਗਿਆਨ ਯੋਗ ਦਾ ਵਰਨਣ ਕਰਦੇ ਹਨ।

ਆਪਣੀ ਪੁਸਤਕ "ਅਪਰੋਖਸ਼ ਅਨਭਵਤੀ" ਵਿਚ "ਮੁਕਤੀ" ਬਾਰੇ ਵਿਚਾਰ ਤੋਂ ਪਿਛੋਂ ਇਸ ਮੁਕਤੀ



www.AKJ.Org

ਨੂੰ ਪ੍ਰਾਪਤ ਕਰਨ ਦੇ ਢੰਗ-ਤਰੀਕੇ ਹੇਠ ਲਿਖੇ ਅਨੁਸਾਰ ਦਸਦੇ ਹਨ–

"ਹੁਣ ਮੈਂ ਉਪਰ ਦੱਸੀ ਮੁਕਤੀ ਹਾਸਲ ਕਰਨ ਲਈ ਪੰਦਰ੍ਹਾਂ ਅੰਗ ਦਸਦਾ ਹਾਂ, ਜਿਨ੍ਹਾਂ ਦੇ ਜ਼ਰੀਏ ਸਦਾ ਹੀ ਧਿਆਨ ਵਿਚ ਲਗੇ ਰਹਿਣਾ ਚਾਹੀਦਾ ਹੈ।" ਸੂਤਰ ਨੰ: ੧੦੦

"ਲਗਾਤਾਰ ਅਭਿਆਸ ਤੋਂ ਬਗ਼ੈਰ ਚਿਦ ਆਤਮਾ (ਐਨ ਨੂਰ ਤੇ ਹਸਤੀ) ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਸਾਧਕ ਲਈ ਜ਼ਰੂਰੀ ਹੈ ਕਿ ਇਕ ਲੰਮੇ ਸਮੇਂ ਤਕ ਇਸ ਦਾ ਨਿਧੀਆਸਣ ਕਰੇ।" ਸੂਤਰ ਨੰ: ੧੦੧

ਯਮ, ਨਿਯਮ, ਤਿਆਗ, ਮੋਣ, ਦੇਸ਼, ਕਾਲ, ਆਸਣ, ਮੂਲ ਬੰਧ, ਦਹੇ ਸਾਮਿਆ, ਦਰਿਕ ਸਥਿਤੀ, ਪਰਾਣਾਯਾਮ, ਪ੍ਰਤਹਾਰ, ਧਾਰਨਾ, ਧਿਆਨ ਤੇ ਸਮਾਧੀ–ਇਹ ਹੀ ਤਰਤੀਬਵਾਰ ਗਿਆਨ ਯੋਗ ਦੇ ਪੰਦਰ੍ਹਾਂ ਅੰਗ ਕਹੇ ਗਏ ਹਨ।" ਸੂਤਰ ਨੰ: ੧੦੨

ਇਸ ਦੀ ਪੜਚੋਲ ਲਈ ਇਨ੍ਹਾਂ ਪੰਦਰ੍ਹਾਂ ਅੰਗਾਂ ਨੂੰ ਦੋ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿਸੇ ਵਿਚ ਬਾਰ੍ਹਾਂ ਅੰਗ ਤੇ ਦੂਸਰੇ ਹਿਸੇ ਵਿਚ ਆਖਰੀ ਤਿੰਨ ਅੰਗ ਧਾਰਨਾ, ਧਿਆਨ ਤੇ ਸਮਾਧੀ ਲਏ ਜਾ ਸਕਦੇ ਹਨ। ਵਿਸਥਾਰ ਵਿਚ ਨਾ ਜਾਂਦੇ ਹੋਏ, ਸੰਖੇਪ ਤੌਰ ਤੇ ਪਹਿਲੇ ਹਿਸੇ ਦੇ ਅਭਿਆਸ ਨਾਲ ਆਪਣੇ ਮਨ, ਬਚਨ ਤੇ ਕਰਮ ਨੂੰ ਸ਼ੁਧ ਕਰਦੇ ਹੋਏ ਆਪਣਾ ਆਚਰਨ ਅਤਿ ਦਾ ਉੱਚਾ ਤੇ ਸੁੱਚਾ ਕਰਨਾ ਹੁੰਦਾ ਹੈ, ਆਪਣੇ ਸਰੀਰ ਨੂੰ ਲੰਮੇ ਸਮੇਂ ਲਈ ਅਭਿਆਸ ਕਰ ਸਕਣ ਦੇ ਯੋਗ ਬਣਾਉਣਾ ਹੁੰਦਾ ਹੈ–

ਧਾਰਨਾ, ਧਿਆਨ ਤੇ ਸਮਾਧੀ ਬਾਰੇ ਸਵਾਮੀ ਜੀ ਲਿਖਦੇ ਹਨ–

"ਜਿਥੇ ਜਿਥੇ ਮਨ ਜਾਵੇ, ਉਥੇ ਉਥੇ ਹੀ ਬ੍ਰਹਮ-ਦਰਸ਼ਨ ਕਰ ਕੇ ਮਨ ਨੂੰ ਠਹਿਰਾਉਣਾ ਉਤਮ ਧਾਰਨਾ ਹੈ।" ਸੂਤਰ ਨੰ: ੧੨੨

"ਮੈਂ ਬ੍ਰਹਮ ਹੀ ਹਾਂ, ਇਸ ਨਾਕਾਬਲੇ ਤਰਦੀਦ ਖ਼ਿਆਲ ਨੂੰ ਲੈ ਕੇ ਕਿਸੀ ਬੇਰੂਨੀ (ਬਾਹਰ ਦੇ) ਸਹਾਰੇ ਤੋਂ ਬਗ਼ੈਰ ਸਥਿਤੀ ਪਾਣਾ ਧਿਆਨ ਕਿਹਾ ਜਾਂਦਾ ਹੈ। ਇਹ ਸਥਿਤੀ ਪਰਮ ਅਨੰਦ ਦੇਣ ਵਾਲੀ ਹੈ।" ਸੂਤਰ ਨੰ: ੧੨੩

"ਬਿਰਤੀ ਨੂੰ ਪਹਿਲਾਂ ਨਿਰਵਿਕਾਰ ਤੇ ਫੇਰ ਬ੍ਰਹਮ-ਆਕਾਰ ਕਰ ਕੇ ਬਿਲਕੁਲ ਭੁਲਾ ਦੇਣਾ ਹੀ ਅਛੀ ਗਿਆਨ-ਸਮਾਧੀ ਕਹਿਲਾਉਂਦਾ ਹੈ।" ਸੂਤਰ ਨੰ: ੧੨੪

ਇਸ ਦੂਸਰੇ ਹਿਸੇ ਦੀ ਪੜਚੋਲ ਲਈ ਕੁਝ ਵਿਸਥਾਰ ਵਿਚ ਜਾਣਾ ਪਵੇਗਾ। ਕਿਸੀ ਖ਼ਿਆਲ ਤੇ ਮਨ ਨੂੰ ਜੋੜਨਾ 'ਧਾਰਨਾ', ਇਸੀ ਖ਼ਿਆਲ ਤੇ ਲਗਾਤਾਰ ਮਨ ਦੇ ਟਿਕਾਉ ਨੂੰ 'ਧਿਆਨ', ਇਸੀ ਟਿਕਾਉ ਦੇ ਹੋਰ ਡੂੰਘਾ ਹੋ ਆਪਣੀ ਸੁਧ ਬੁਧ ਭੀ ਨਾ ਰਹੇ ਤਾਂ 'ਸਮਾਧੀ' ਆਖਦੇ ਹਨ। ਭਾਵ, ਅਮਲ ਇਕੋ ਹੀ ਹੈ। ਉਸ ਖ਼ਿਆਲ ਦੀ ਤੀਬਰਤਾ ਨੂੰ ਮੁਖ ਰਖ ਕੇ ਤਿੰਨ ਹਿਸਿਆਂ ਵਿਚ ਵੰਡਿਆ ਗਿਆ ਹੈ। ਇਸ ਗਿਆਨ-ਯੋਗ ਦਾ ਮੂਲ ਆਧਾਰ ਮਨ ਦਾ ਇਹ ਗੁਣ ਹੈ ਕਿ ਮਨ ਜਿਸ ਚੀਜ਼ ਦਾ ਲਗਾਤਾਰ ਧਿਆਨ ਕਰਦਾ ਹੈ, ਆਖ਼ਰ ਉਹ ਉਸੇ ਦਾ ਰੂਪ ਹੋ ਜਾਂਦਾ ਹੈ। ਗੁਰਬਾਣੀ ਵਿਚ ਭੀ ਆਉਂਦਾ ਹੈ "ਜੇਹਾ ਸੇਵੈ ਤੇਹੋ ਹੋਵੈ"*। **ਵੇਦਾਂਤ ਦਾ ਸ਼ਾਰਾ ਮਹੱਲ ਇਸੀ ਸਿਧਾਂਤ ਤੇ ਉਸਾਰਿਆ ਗਿਆ ਹੈ।** ਸਵਾਮੀ ਜੀ ਇਸ ਗਿਆਨ-ਯੋਗ ਦਾ ਵਰਨਨ ਕਰਦੇ ਹੋਏ ਲਿਖਦੇ ਹਨ :–

"ਇਨਸਾਨ ਨਿਹਾਇਤ ਸਰਗਰਮੀ ਅਤੇ ਪੂਰੇ ਯਕੀਨ ਦੇ ਨਾਲ ਜਿਸ ਚੀਜ਼ ਦਾ ਚਿੰਤਨ ਕਰਦਾ ਹੈ, ਓਹ ਛੇਤੀ ਹੀ ਓਹ ਹੀ ਹੋ ਜਾਂਦਾ ਹੈ। 'ਭਰਿੰਗੀ' ਦੀ ਮਿਸਾਲ ਤੋਂ ਇਸ ਗੱਲ ਨੂੰ ਸਮਝ ਲੈਣਾ ਚਾਹੀਦਾ ਹੈ।" ਸੂਤਰ ਨੰ: ੧੪੦

ਦਸਦੇ ਹਨ ਕਿ ਭਰਿੰਗੀ ਇਕ ਕੀੜਾ ਹੈ। ਓਹ ਬਾਹਰੋਂ ਕਿਸੇ ਹੋਰ ਕੀੜੇ ਨੂੰ ਫੜ ਕੇ ਆਪਣੇ ਘਰ ਵਿਚ ਲੈ ਆਉਂਦਾ ਹੈ। ਉਸ ਕੀੜੇ ਨੂੰ ਓਹ ਡੰਗ ਮਾਰਦਾ ਹੈ। ਡੰਗ ਵਜਣ ਨਾਲ ਕੀੜੇ ਨੂੰ ਤਕਲੀਫ ਹੁੰਦੀ ਹੈ– ਭਰਿੰਗੀ ਜਦੋਂ ਭੀ ਘਰ ਆਉਂਦਾ ਹੈ, ਓਹ ਕੀੜੇ ਨੂੰ ਡੰਗ ਮਾਰਦਾ ਹੈ। ਹਰ ਵਕਤ ਡੰਗ ਦੇ ਦਰਦ ਤੋਂ ਡਰਦਾ ਹੋਇਆ ਓਹ ਕੀੜਾ ਭਰਿੰਗੀ ਦਾ ਹੀ ਮਨ ਵਿਚ ਖ਼ਿਆਲ ਰਖਦਾ ਹੈ। ਡਰਦਾ ਹੈ ਕਿ ਭਰਿੰਗੀ ਹੁਣ ਭੀ ਆਇਆ

* ਵਾਰ ਬਿਹਾਗੜਾ, ਮ: ੩, ਪੰਨਾ ੫੪੯



www.AKJ.Org

ਕਿ ਹੁਣ ਭੀ ਆਇਆ। ਇਹ ਖ਼ਿਆਲ ਉਸ ਦੇ ਮਨ ਵਿਚ ਲਗਾਤਾਰ ਕਾਇਮ ਰਹਿਣ ਨਾਲ ਇਕ ਦਿਨ ਉਹ ਕੀੜਾ ਭੀ ਭਰਿੰਗੀ ਬਣ ਜਾਂਦਾ ਹੈ।

ਸੋ ਵੇਦਾਂਤ ਦੇ ਆਚਾਰੀਆਂ ਨੇ ਮਨ ਦੇ ਇਸ ਗੁਣ ਨੂੰ ਮੁਖ ਰਖਕੇ ''ਜੇਹਾ ਸੇਵੈ ਤੇਹੋ ਹੋਵੈ'' As you think, so shall you be, ਆਪਣੇ ਮਨ ਦੇ ਅਗੇ ਬ੍ਰਹਮ ਦਾ ਉਚਤਮ ਖ਼ਿਆਲ ਰਖ ਕੇ ਖ਼ੁਦ ਬ੍ਰਹਮ ਹੋ ਜਾਣ ਦਾ ਨਿਸ਼ਾਨਾ ਮਿਥਿਆ। ਚੂੰਕਿ ''ਮੈਂ'' ਹੀ ਬ੍ਰਹਮ ਦਾ ਧਿਆਨ ਧਰ ਕੇ ਬ੍ਰਹਮ ਰੂਪ ਹੋ ਗਿਆ ਹਾਂ, ਇਸ ਲਈ ਮੈਂ ਹੀ ਬ੍ਰਹਮ ਹਾਂ। ''ਅਹੰ ਬ੍ਰਹਮ ਅਸਮੀ'' ਦਾ ਸਿਧਾਂਤ ਸਾਡੇ ਸਾਮ੍ਹਣੇ ਆਇਆ।

ਇਸ ਸਿਧਾਂਤ ਬਾਰੇ ਵਿਚਾਰ-ਅਧੀਨ ਜੋ ਖ਼ਾਸ ਨੁਕਤਾ ਹੈ, ਉਹ ਇਹ ਕਿ **ਕਿਆ ਵਾਕਈ ਇਸ ਸਿਧਾਂਤ ਤੇ ਅਮਲ ਕਰ ਕੇ ''ਜੀਵ'' ''ਬ੍ਰਹਮ'' ਬਣ ਜਾਂਦਾ ਹੈ?** ਸਾਧਕ ਮਨ ਅਗੇ ਇਹ ਖ਼ਿਆਲ ਪੇਸ਼ ਕਰਦਾ ਹੈ ਕਿ ਚੂੰਕਿ ਬ੍ਰਹਮ ਤੋਂ ਜਗਤ ਦੀ ਉਤਪਤੀ ਹੋਈ ਹੈ, ਇਸ ਲਈ ਜਗਤ ਦੀ ਹਰ ਸ਼ੈ ਬ੍ਰਹਮ ਰੂਪ ਹੀ ਹੈ। ਅਭਿਆਸ ਦੇ ਸਮੇਂ ਮਨ ਜਿਥੇ ਜਿਥੇ ਭੀ ਜਾਂਦਾ ਹੈ, ਮਨ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਓਸ ਸ਼ੈ ਨੂੰ ਬ੍ਰਹਮ ਹੀ ਮੰਨ ਲਵੇ (ਉਪਰ ਦਿਤੇ ਸੂਤਰ ਨੰ: ੧੨੨ ਅਨੁਸਾਰ)। ਮਿਸਾਲ ਦੇ ਤੌਰ ਤੇ ਮਨ ਦੇ ਸਾਮ੍ਹਣੇ ਕੁਰਸੀ ਦਾ ਖ਼ਿਆਲ ਆਉਂਦਾ ਹੈ। ਸਾਧਕ ਮਨ ਨੂੰ ਆਖਦਾ ਹੈ ਕਿ ਇਸ ਨੂੰ ਕੁਰਸੀ ਨਾ ਸਮਝ, ਇਸ ਨੂੰ ਬ੍ਰਹਮ ਸਮਝ। ਇਸੀ ਤਰ੍ਹਾਂ ਉਹ ਸਾਰੇ ਹੀ ਜਗਤ ਨੂੰ ਬ੍ਰਹਮ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਮੈਂ ਜੈਪੁਰ (ਇਕ ਸ਼ਹਿਰ) ਕਦੇ ਗਿਆ ਨਹੀਂ। ਜਿਸ ਨੇ ਜੈਪੁਰ ਦਾ ਸ਼ਹਿਰ ਵੇਖਿਆ ਹੈ, ਓਹ ਮੈਨੂੰ ਜੈਪੁਰ ਦੀ ਖ਼ੂਬਸੂਰਤੀ ਬਾਰੇ ਦਸਦਾ ਹੈ ਕਿ ਉਥੇ ਲਾਲ ਪੱਥਰ ਦੀਆਂ ਬੜੀਆਂ ਸ਼ਾਨਦਾਰ ਇਮਾਰਤਾਂ ਹਨ। ਸਾਡੇ ਇਲਾਕੇ ਵਿਚ ਲਾਲ ਪੱਥਰ ਹੈ ਨਹੀਂ, ਮੈਂ ਲਾਲ ਪੱਥਰ ਦੇਖਿਆ ਨਹੀਂ। ਆਲੀਸ਼ਾਨ ਇਮਾਰਤਾਂ ਬਾਰੇ ਸੁਣ ਕੇ ਮੈਂ ਆਪਣੇ ਇਲਾਕੇ ਦੀ ਕਿਸੇ ਸੋਹਣੀ ਜਿਹੀ ''ਨਵੀਨ'' ਇਮਾਰਤ ਦਾ ਤਸੱਵਰ ਆਪਣੇ ਮਨ ਅਗੇ ਬਣਾਉਣ ਦੀ ਕੋਸ਼ਿਸ਼ ਕਰਦਾ ਹਾਂ। ਹੋਵੇਗਾ ਕੀ? ਮੈਂ ਜੈਪੁਰ ਦੇਖਿਆ ਨਹੀਂ, ਆਪਣੇ ਇਲਾਕੇ ਦੀ ਕਿਸੀ ''ਨਵੀਨ ਘਾੜਤ'' ਦੀ ਇਮਾਰਤ ਦਾ ਹੀ ਧਿਆਨ ਕਰਾਂਗਾ, ਤਾਂ **ਕੀ ਜੈਪੁਰ ਦੀ ''ਮੁਗਲ ਕਾਲ'' ਦੀ ਘਾੜਤ ਦੀ ਲਾਲ ਇਮਾਰਤ ਦਾ ਰੂਪ ਧਾਰਨ ਕਰ ਸਕਾਂਗਾ? ਮੈਂ ਸਿਰਫ਼ ਉਸ ਇਮਾਰਤ ਦਾ ਰੂਪ ਹੀ ਧਾਰਨ ਕਰਾਂਗਾ ਜਿਹੜੀ ਮੈਂ ਦੇਖੀ ਹੋਈ ਹੈ ਤੇ ਹੁਣ ਮੇਰੇ ਖ਼ਿਆਲ ਦੇ ਅਗੇ ਹੈ। ਜਿਸ ਇਮਾਰਤ ਨੂੰ ਮੈਂ ਦੇਖਿਆ ਨਹੀਂ ਉਸ ਦਾ ਰੂਪ ਧਾਰਨ ਨਹੀਂ ਕਰ ਸਕਦਾ।**

ਇਸ ਲੰਮੀ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਅਸੀਂ ਬ੍ਰਹਮ ਨੂੰ ਤਾਂ ਦੇਖਿਆ ਹੀ ਨਹੀਂ, ਉਸ ਦਾ ਕੋਈ ਸੰਕਲਪ ਜਾਂ ਖ਼ਿਆਲ ਮਨ ਦੇ ਸਾਮ੍ਹਣੇ ਨਹੀਂ ਰਖ ਸਕਦੇ। ਮਨ ਆਪਣੇ ਹੀ ਖ਼ਿਆਲ ਨਾਲ ਬ੍ਰਹਮ ਦਾ ਇਕ 'ਮਨੋ-ਕਲਪਤ ਰੂਪ'' ਬਣਾਉਂਦਾ ਹੈ, ਉਸ ਦਾ ਧਿਆਨ ਧਰਦਾ ਹੈ ਤੇ ਆਖ਼ਰ ਆਪਣੇ ਹੀ **ਮਨੋ-ਕਲਪਤ ਰੂਪ ਦੀ ਸ਼ਕਲ ਇਖ਼ਤਿਆਰ ਕਰਦਾ ਹੈ,** ਜਦੋਂ ਕਿ **ਅਸਲ ਬ੍ਰਹਮ ਤਾਂ ਲਾਂਭੇ ਹੀ ਰਹਿ ਗਿਆ।** ਉਨ੍ਹਾਂ ਦੇ ਸਾਧਨ ਅਨੁਸਾਰ ਮਨ ਇਕਾਗਰ ਭੀ ਹੁੰਦਾ ਹੈ, ਸਮਾਧੀ-ਅਵੱਸਥਾ ਭੀ ਪ੍ਰਾਪਤ ਹੁੰਦੀ ਹੈ, ਪਰ **ਬ੍ਰਹਮ ਦੀ ਪ੍ਰਾਪਤੀ ਨਾ ਹੁੰਦੀ ਹੈ ਤੇ ਨਾ ਹੀ ਹੋ ਸਕਦੀ ਹੈ।** ਰਿਧੀਆਂ ਸਿਧੀਆਂ ਜ਼ਰੂਰ ਪ੍ਰਾਪਤ ਹੁੰਦੀਆਂ ਹਨ ਤੇ ਇਨਸਾਨ ਇਨ੍ਹਾਂ ਵਿਚ ਹੀ ਉਲਝ ਕੇ ਰਹਿ ਜਾਂਦਾ ਹੈ; ਪਰ ਸਮਝਦਾ ਹੈ ਆਪਣੇ ਆਪ ਨੂੰ ''ਬ੍ਰਹਮਵੇਤਾ''।

**ਸਾਰੀ ਵਿਚਾਰ ਦਾ ਸਾਰ-ਸਿੱਟਾ ਇਹ ਹੋਇਆ ਕਿ ਵੇਦਾਂਤ ਦੇ ਸਿਧਾਂਤ ਅਨੁਸਾਰ ਅਸੀਂ ਅਸਲ ਬ੍ਰਹਮ ਤਕ ਤਾਂ ਪਹੁੰਚਦੇ ਨਹੀਂ, ਆਪਣੇ ਮਨ ਦੇ ਵਿਚ ਮਨ ਦਾ ਹੀ ਇਕ ਮਨੋ-ਕਲਪਤ ਬ੍ਰਹਮ ਬਣਾ ਕੇ, ਉਸ ਦਾ ਧਿਆਨ ਕਰ ਕੇ, ਉਸ ਨੂੰ ਹੀ ਬ੍ਰਹਮ ਖ਼ਿਆਲ ਕਰਕੇ ਸੰਤੁਸ਼ਟ ਹੋ ਬੈਠਦੇ ਹਾਂ ਤੇ ਸਮਝਦੇ ਹਾਂ ਕਿ ਅਸੀਂ ''ਪਰਮ ਸੁਖ'' ਪ੍ਰਾਪਤ ਕਰ ਲਿਆ ਹੈ।**

**ਯੋਗ :–**

ਹਿੰਦੂ ਮਤ ਦੇ ਛੇਆਂ ਸ਼ਾਸਤਰਾਂ ਵਿਚੋਂ ਇਕ ਸ਼ਾਸਤਰ ਯੋਗ ਸ਼ਾਸਤਰ ਹੈ, ਜਿਸ ਦੇ ਕਰਤਾ ਪਾਤੰਜਲੀ



www.AKJ.Org

ਰਿਸ਼ੀ ਜੀ ਹਨ। ਇਨ੍ਹਾਂ ਨੇ ਅਠ ਅੰਗਾਂ ਵਾਲਾ ਯੋਗ ਦਰਸਾਇਆ ਹੈ। ਜਿਵੇਂ ਆਪਾਂ ਉਪਰ ਵੇਦਾਂਤ ਦੇ ਸਿਧਾਂਤ ਵਿਚ ਪੜ੍ਹ ਆਏ ਹਾਂ ਕਿ ਮਨ ਦੇ ਅਗੇ ਬ੍ਰਹਮ ਦਾ ਲਗਾਤਾਰ ਖ਼ਿਆਲ ਰਖ ਕੇ ਆਪ ਖ਼ੁਦ ਹੀ ਬ੍ਰਹਮ ਹੋ ਜਾਈਦਾ ਹੈ, ਇਸੀ ਤਰ੍ਹਾਂ ਪਾਤੰਜਲੀ ਰਿਸ਼ੀ ਜੀ ਆਪਣੇ ਯੋਗ ਸ਼ਾਸਤਰ ਦੇ ਪਹਿਲੇ ਸੂਤਰ ਵਿਚ ਯੋਗ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ–''ਯੋਗ ਚਿੱਤ ਵਰਿਤੀ ਨਿਰੋਧ'', ਭਾਵ, **ਮਨ ਦੀ ਹਰਕਤ ਨੂੰ ਰੋਕ ਦੇਣ ਦਾ ਨਾਮ ਹੀ ਯੋਗ ਹੈ।** ਸੋ ਇਸ ਮੂਲ ਸਿਧਾਂਤ ਤੇ ਹੀ ਸਾਰੇ ਯੋਗ ਦੇ ਮਹੱਲ ਦੀ ਉਸਾਰੀ ਕੀਤੀ ਗਈ ਹੈ।

ਯੋਗ ਦੇ ਸਿਧਾਂਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਅਸੀਂ ''ਮਨ'' ਤੇ ''ਪ੍ਰਾਣ'' ਦੇ ਆਪਸੀ ਸੰਬੰਧ ਨੂੰ ਸਮਝੀਏ। ਸਾਡੇ ਸਰੀਰ ਦੀ ਕਿਰਿਆ ਨੂੰ ਮਨ ਅਤੇ ਪ੍ਰਾਣ ਮਿਲ ਕੇ ਚਲਾਉਂਦੇ ਹਨ। ''ਮਨ'' ਤੇ ''ਪ੍ਰਾਣ'' ਵਿਚੋਂ ਇਕ ਭੀ ਸਾਕਨ ਹੋ ਜਾਏ, ਭਾਵ, ਹਰਕਤ ਬੰਦ ਕਰ ਦੇਵੇ ਤਾਂ **ਦੂਸਰਾ ਖ਼ੁਦ-ਬਖ਼ੁਦ ਹੀ ਸਾਕਨ ਜਾਂ ਬੇਹਰਕਤ ਹੋ ਜਾਂਦਾ ਹੈ**, ਭਾਵ, ਆਪਣੀ ਕਿਰਿਆ (Function) ਬੰਦ ਕਰ ਦਿੰਦਾ ਹੈ। ਪਾਤੰਜਲੀ ਜੀ ਨੇ ਸੋਚਿਆ ਕਿ ਮਨ ਤੇ ਕਾਬੂ ਪਾਉਣਾ ਕਠਨ ਹੈ, ਜਦੋਂ ਕਿ ਪ੍ਰਾਣ ਤੇ ਅਭਿਆਸ ਦੁਆਰਾ ਕਾਬੂ ਪਾਇਆ ਜਾ ਸਕਦਾ ਹੈ। ਸੋ ਆਪ ਜੀ ਨੇ ਪ੍ਰਾਣਾਯਾਮ ਵਿਧੀ ਨੂੰ ਜਨਮ ਦਿਤਾ। ਯੋਗ ਸ਼ਾਸਤਰ ਵਿਚ ਯੋਗ ਦੇ ਅਠ ਅੰਗ ਦਸੇ ਹਨ–ਯਮ, ਨਿਯਮ, ਆਸਨ, ਪ੍ਰਾਣਾਯਾਮ, ਪਰਤਿਹਾਰ, ਧਾਰਨਾ, ਧਿਆਨ ਤੇ ਸਮਾਧੀ। ਇਸ ਸਿਸਟਮ ਨੂੰ ਭੀ ਵੇਦਾਂਤ ਅਨੁਸਾਰ ਦੋ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ–ਪਹਿਲੇ ਪੰਜ ਅੰਗ ਹਨ ਸਰੀਰਕ ਤੇ ਮਾਨਸਕ ਸ਼ੁਧੀ ਦੁਆਰਾ ਉਚ ਆਚਰਨ ਧਾਰਨ ਕਰਨਾ। ਉਚ ਆਚਰਨ ਤੋਂ ਬਗੈਰ ਸਮਾਧੀ ਅਵੱਸਥਾ ਵਿਚ ਪਹੁੰਚਣਾ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਹੈ। ਵੇਦਾਂਤ ਵਿਚ ''ਮਨ'' ਤੇ ਜ਼ੋਰ ਹੈ ਤੇ ਯੋਗ ਵਿਚ ''ਪ੍ਰਾਣ'' ਮੁਖ ਵਿਸ਼ਾ ਹੈ।

ਸਵਾਸ ਅੰਦਰ ਖਿਚਣ, ਰੋਕਣ ਤੇ ਬਾਹਰ ਛਡਣ ਦੇ ਵਖੋ ਵਖ ਢੰਗ ਹਨ। ਇਸ ਕਿਰਿਆ ਨੂੰ ਪ੍ਰਾਣਾਯਾਮ (ਭਾਵ ਪ੍ਰਾਣ ਤੇ ਕਾਬੂ) ਕਿਹਾ ਜਾਂਦਾ ਹੈ। ਵਖ ਵਖ ਵਿਧੀਆਂ ਅਨੁਸਾਰ ਪ੍ਰਾਣਾਯਾਮਾਂ ਦੇ ਨਾਮ ਭੀ ਵਖ ਵਖ ਹਨ, ਜਿਵੇਂ ਸੂਖ ਪੂਰਬਕ, ਭਾਸਤਰਕਾ, ਸੀਤਲੀ, ਸੀਤਕਾੜੀ ਤੇ ਕੇਵਲ ਕੁੰਭਕ ਆਦਿ। ਪਹਿਲੇ ਪਹਿਲ ਸਾਧਕ 'ਸੂਖ ਪੂਰਬਕ' ਪ੍ਰਾਣਾਯਾਮ ਦੇ ਅਭਿਆਸ ਨਾਲ ਆਪਣੀਆਂ ਸਵਾਸ-ਨਾੜੀਆਂ ਨੂੰ ਇਸ ਯੋਗ ਬਣਾਉਂਦਾ ਹੈ ਕਿ ਅਗੇ ਚਲ ਕੇ ਹਵਾ ਦੇ ਬਹੁਤ ਦਬਾਉ ਵਾਲੇ ਪ੍ਰਾਣਾਯਾਮ ਜਾਂ ਕਿਰਿਆਵਾਂ, ਜਿਵੇਂ ਕਿ 'ਭਾਸਤਰਕਾ' ਅਤੇ 'ਕਪਾਲ ਭੱਟੀ' ਨੂੰ ਸਹਿਨ ਕਰ ਸਕੇ, ਐਸ਼ਾ ਨਾ ਹੋਵੇ ਕਿ ਸਾਡੀ ਕੋਈ ਸਾਹ ਦੀ ਨਾਲੀ ਹੀ ਨਾ ਫਟ ਜਾਵੇ।

ਯੋਗ ਦੀ ਸਾਰੀ ਪਰਨਾਲੀ ਬਾਰੇ ਲਿਖਣ ਨਾਲ ਲੇਖ ਲੰਮਾ ਹੋ ਜਾਏਗਾ, ਇਸ ਲਈ ਆਪਣੇ ਲੋੜੀਂਦੇ ਮੁਖ ਪ੍ਰਾਣਾਯਾਮ ''ਕੇਵਲ ਕੁੰਭਕ'' ਤਕ ਹੀ ਇਸ ਨੂੰ ਸੀਮਤ ਰਖਾਂਗੇ। ਯੋਗ ਦੇ ਪਹਿਲੇ ਪੰਜ ਅੰਗਾਂ ਨਾਲ ਮਨ ਅਤੇ ਸਰੀਰ ਦੀ ਮੁਢਲੀ ਤਿਆਰੀ ਹੁੰਦੀ ਹੈ। ਆਖ਼ਰੀ ਤਿੰਨ ਅੰਗਾਂ––ਧਾਰਨਾ, ਧਿਆਨ ਤੇ ਸਮਾਧੀ ਨਾਲ ਯੋਗ ਦੀ ਮੁਖ ਕਿਰਿਆ ਅਰੰਭ ਹੁੰਦੀ ਹੈ। ਯੋਗੀ ਆਪਣੇ ਹੀ ਸਰੀਰ ਦੇ ਕਿਸੇ ਅੰਗ ਤੇ ਧਿਆਨ ਧਰਦਾ ਹੈ ਤੇ ਬਾਹਰ ਦੌੜਦੇ ਮਨ ਨੂੰ ਆਪਣੇ ਮਿਥੇ ਅੰਗ ਵਲ ਮੋੜਦਾ ਹੈ; ਜਿਵੇਂ ਕਿ ਨੱਕ ਦੀ ਨੋਕ, ਤ੍ਰਿਕੁਟੀ, ਨਾਭੀ, ਹਿਰਦਾ ਜਾਂ ਦਸਮ ਦੁਆਰ ਆਦਿ। ਇਸ ਕਿਰਿਆ ਨਾਲ ਮਨ ਰੁਕਣਾ ਸ਼ੁਰੂ ਹੋ ਜਾਂਦਾ ਹੈ। ਇਸ ਨੂੰ 'ਧਾਰਨਾ' ਆਖਦੇ ਹਨ। ਜਦੋਂ ਸੁਰਤੀ ਇਕਾਗਰ ਹੋ ਜਾਵੇ ਤਾਂ 'ਧਿਆਨ', ਅਤੇ ਜਦੋਂ ਸੁਰਤੀ ਪੂਰੀ ਤਰ੍ਹਾਂ ਖੁਭ ਜਾਵੇ ਤਾਂ 'ਸਮਾਧੀ' ਆਖਦੇ ਹਨ। ਧਾਰਨਾ, ਧਿਆਨ ਤੇ ਸਮਾਧੀ ਤਿੰਨਾਂ ਦੇ ਸੁਮੇਲ ਨੂੰ 'ਸੰਜਮ' ਆਖਦੇ ਹਨ। ਯੋਗ ਸ਼ਾਸਤਰ ਦੇ ਆਖ਼ਰੀ ਅਧਿਆਇ ''ਵਿਭੂਤੀ ਪਾਦ'' ਵਿਚ ਦਸਿਆ ਹੈ, ਇਹ ਸੰਜਮ ਕਿਸ ਅੰਗ ਜਾਂ ਕਿਸ ਸ਼ੈ ਤੇ ਕੀਤਾ ਜਾਵੇ ਤਾਂ ਕਿਹੜੀ ਸਿੱਧੀ ਪ੍ਰਾਪਤ ਹੁੰਦੀ ਹੈ।

ਯੋਗੀ ਜਦੋਂ ਬਹੁਤੇ ਲੰਮੇ ਸਮੇਂ ਲਈ ਜਾਂ ਹਮੇਸ਼ਾ ਲਈ ਸਮਾਧੀ ਅਵੱਸਥਾ ਵਿਚ ਰਹਿਣ ਦੀ ਵਿਚਾਰ ਕਰਦਾ ਹੈ ਤਾਂ ਉਹ ''ਕੇਵਲ ਕੁੰਭਕ'' ਪ੍ਰਾਣਾਯਾਮ ਲਈ ਤਿਆਰੀ ਸ਼ੁਰੂ ਕਰਦਾ ਹੈ। ਹਠ ਯੋਗ ਦੀਆਂ ਪੁਸਤਕਾਂ ਅਨੁਸਾਰ ਯੋਗੀ ਆਪਣੀ ਖ਼ੁਰਾਕ ਘਟਾਉਣੀ ਸ਼ੁਰੂ ਕਰਦਾ ਹੈ ਤੇ ਨਾਲ ਨਾਲ ਖੇਚਰੀ ਮੁਦਰਾ ਭੀ ਅਰੰਭ ਦਿੰਦਾ ਹੈ। ਇਸ ਕਿਰਿਆ ਵਿਚ ਜੀਭ (ਜ਼ਬਾਨ) ਦਾ ਨਿਚਲਾ ਹਿੱਸਾ, ਜਿਥੇ ਤੰਦੂਆ ਹੁੰਦਾ ਹੈ, ਉਸ ਨੂੰ ਕਿਸੀ ਤੇਜ਼-ਧਾਰ



www.AKJ.Org

ਸ਼ੈ, ਜਿਵੇਂ ਚਾਕੂ ਆਦਿ ਨਾਲ ਥੋੜਾ ਜਿਹਾ ਕਟਦਾ ਹੈ, ਜ਼ਬਾਨ ਨੂੰ ਖਿਚ ਕੇ ਬਾਹਰ ਕਢਦਾ ਹੈ ਤੇ ਖਿਚ ਖਿਚ ਕੇ ਜ਼ਬਾਨ ਨੂੰ ਲੰਮੀ ਕਰਦਾ ਹੈ ਤੇ ਨਾਲ ਨਾਲ ਮੱਖਣ ਦੀ ਮਾਲਸ਼ ਭੀ ਕਰਦਾ ਹੈ। ਉਹ ਹੌਲੀ ਹੌਲੀ ਜ਼ਬਾਨ ਨੂੰ ਥਲੇ ਤੋਂ ਸੰਘ ਤਕ ਕਟ ਦੇਂਦਾ ਹੈ। ਜ਼ਬਾਨ ਇਤਨੀ ਲੰਮੀ ਹੋ ਜਾਂਦੀ ਹੈ ਕਿ ਬਾਹਰ ਕਢਿਆਂ ਸਾਡੇ ਮੱਥੇ ਤੇ, ਜਿਥੋਂ ਸਿਰ ਦੇ ਵਾਲ ਸ਼ੁਰੂ ਹੁੰਦੇ ਹਨ, ਤਕ ਲੰਮੀ ਹੋ ਜਾਂਦੀ ਹੈ। ਇਸ ਦੇ ਨਾਲ ਹੀ ਅੰਨ ਘਟਾਉਂਦੇ ਹੋਏ ਇਕ ਦਾਣੇ ਤੇ ਆ ਜਾਂਦਾ ਹੈ। ਇਸ ਕਿਰਿਆ ਨੂੰ ਪੂਰੀ ਕਰਨ ਵਿਚ ਕੋਈ ਇਕ ਸਾਲ ਦਾ ਸਮਾਂ ਲਗ ਜਾਂਦਾ ਹੈ।

ਇਹ ਨਿਸ਼ਾਨਾ ਪੂਰਾ ਕਰਕੇ ਯੋਗੀ ਦਰਿਆ ਜਾਂ ਤਾਲਾਬ ਵਿਚ ਪਾਣੀ ਦੀ ਇਤਨੀ ਗਹਿਰਾਈ ਵਿਚ ਜਾ ਖਲੋਂਦਾ ਹੈ, ਜਿਥੇ ਮੂੰਹ ਵਿਚ ਪਾਣੀ ਤਾਂ ਪਵੇ ਪਰ ਨੱਕ ਪਾਣੀ ਤੋਂ ਬਾਹਰ ਰਹੇ। ਚਾਰ ਉਂਗਲ ਚੌੜਾ ਕਪੜਾ ਮੂੰਹ ਦੇ ਰਸਤੇ ਨਿਗਲਦਾ ਹੈ। ਨਿਉਲੀ ਦੀ ਕਿਰਿਆ ਕਰ ਕੇ ਉਸ ਕਪੜੇ ਨੂੰ ਗੁਦਾ ਦੇ ਰਸਤੇ ਬਾਹਰ ਕਢਦਾ ਹੈ। ਇਕ ਹੱਥ ਨਾਲ ਕਪੜੇ ਨੂੰ ਮੂੰਹ ਵਾਲੇ ਪਾਸੇ ਤੋਂ, ਤੇ ਦੂਸਰੇ ਹੱਥ ਨਾਲ ਗੁਦਾ ਵਾਲੇ ਪਾਸੇ ਤੋਂ ਫੜ ਕੇ, ਕਪੜੇ ਨੂੰ ਉਪਰ ਨੀਚੇ ਖਿਚ ਕੇ, ਪੇਟ ਨੂੰ ਮਲ-ਮੂਤਰ ਤੋਂ ਸ਼ੁਧ ਕਰਦਾ ਹੈ। ਇਹ ਕਿਰਿਆ ਉਤਨੇ ਦਿਨ ਜਾਰੀ ਰਖਦਾ ਹੈ ਜਦੋਂ ਤਕ ਕਿ ਕਪੜਾ ਜਿਤਨਾ ਸਾਫ਼ ਕਰਦਾ ਨਿਗਲਿਆ ਸੀ ਉਤਨਾ ਹੀ ਸਾਫ਼ ਬਾਹਰ ਨਿਕਲ ਆਵੇ। ਮਕਸਦ ਇਹ ਹੈ ਕਿ ਸਾਡੇ ਪੇਟ ਵਿਚ ਅੰਨ ਦੀ ਕੋਈ ਲਾਗ ਨਾ ਰਹਿ ਜਾਵੇ। ਅੰਨ ਦੀ ਲਾਗ ਸਰੀਰ ਵਿਚ ਸੜਾਂਦ ਪੈਦਾ ਕਰਦੀ ਹੈ, ਜਿਸ ਨਾਲ ਸਰੀਰ ਦਾ ਲੰਮੇ ਸਮੇਂ ਦੀ ਸਮਾਧੀ ਵਿਚ ਬੈਠਿਆਂ ਗਲ-ਸੜ ਜਾਣ ਦਾ ਡਰ ਹੈ।

ਹੁਣ ਉਹ ਪ੍ਰਾਣਾਯਾਮ ਦੀ "ਕੇਵਲ ਕੁੰਭਕ" ਕਿਰਿਆ ਲਈ ਤਿਆਰ ਹੈ। ਉਹ ਕਿਸੇ ਗੁਫਾ ਵਿਚ ਜਾਂ ਸਮਾਧੀ ਬਣਾ ਕੇ, ਉਸ ਵਿਚ ਬੈਠ ਗੁਫਾ ਜਾਂ ਸਮਾਧੀ ਨੂੰ ਕੋਈ ਪੱਥਰ ਆਦਿ ਲਾ ਕੇ ਬੰਦ ਕਰ ਦਿੰਦਾ ਹੈ। ਅੰਦਰ ਬੈਠ ਕੇ ਸਿਧ ਜਾਂ ਪਦਮ ਆਸਣ ਲਾ ਸਵਾਸ ਅੰਦਰ ਖਿਚ ਕੇ ਲੰਮੀ ਕੀਤੀ ਜੀਭ ਨੂੰ ਉਪਰ ਵਲ ਘੁਮਾ ਕੇ ਸੰਘ ਥਾਣੀਂ ਅੰਦਰਲੇ ਪਾਸੇ ਨੂੰ ਸੁਟ ਦਿੰਦਾ ਹੈ। ਪੇਟ ਵਿਚ ਭਰੇ ਸਵਾਸ ਜਦੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਹਨ ਤਾਂ ਸਵਾਸ ਦੇ ਦਬਾਉ ਨਾਲ ਜੀਭ ਉਪਰ ਉਠ ਕੇ ਨੱਕ ਵਾਲੇ ਸੁਰਾਖ਼ਾਂ ਦਾ ਰਸਤਾ ਰੋਕ ਦਿੰਦੀ ਹੈ। ਮੂੰਹ ਵਾਲਾ ਰਸਤਾ ਜੀਭ ਦੇ ਉਲਟਾਉਣ ਨਾਲ ਪਹਿਲਾਂ ਹੀ ਬੰਦ ਹੈ। ਸਵਾਸ ਅੰਦਰ ਦੇ ਅੰਦਰ ਹੀ ਰੁਕ ਜਾਂਦੇ ਹਨ। ਉਪਰ ਲਿਖੇ ਸਿਧਾਂਤ ਅਨੁਸਾਰ ਸੁਆਸ ਰੁਕਣ ਤੇ ਮਨ ਭੀ ਰੁਕ ਜਾਂਦਾ ਹੈ ਤੇ ਯੋਗੀ "ਸਮਾਧੀ ਅਵੱਸਥਾ" ਵਿਚ ਚਲਾ ਜਾਂਦਾ ਹੈ। ਆਪਣੀ ਇਛਾ ਅਨੁਸਾਰ ਜਿਤਨੀ ਦੇਰ ਭੀ ਚਾਹੇ, ਇਸੀ ਅਵੱਸਥਾ ਵਿਚ ਰਹਿ ਕੇ ਅਨੰਦ ਮਾਣਦਾ ਹੈ। ਇਸ ਨੂੰ ਹੀ ਉਹ "ਪਰਮ ਸੁਖ" ਸਮਝਦਾ ਹੈ।

'ਈਸ਼ ਉਪਨਿਸ਼ਦ' ਵਿਚ ਲਿਖਿਆ ਹੈ ਕਿ ਸਾਡੇ ਸਥੂਲ ਤੇ ਸੂਖਸ਼ਮ ਸਰੀਰ ਦਾ ਨਾਭੀ ਉਤੇ ਆਪੋ ਵਿਚ ਗਠ-ਜੋੜ ਹੈ। ਜਦੋਂ ਕੋਈ ਜਨ ਆਪਣੇ ਸਵਾਸ ਨਾਭੀ ਵਿਚ ਰੋਕਣ ਦੇ ਕਾਬਲ ਹੋ ਜਾਂਦਾ ਹੈ ਤਾਂ ਇਸ ਜੋੜ ਜਾਂ ਗਠ ਨੂੰ ਆਪਣੀ ਮਰਜ਼ੀ ਨਾਲ ਖੋਲ੍ਹ ਕੇ ਸੂਖਸ਼ਮ ਸਰੀਰ ਨੂੰ ਸਥੂਲ ਸਰੀਰ ਤੋਂ ਵਖਰਾ ਕਰ ਸਕਦਾ ਹੈ। ਮੌਤ ਦੇ ਵਕਤ ਇਹ ਗਠ-ਜੋੜ ਕੁਦਰਤ ਦੇ ਨਿਯਮ ਅਨੁਸਾਰ ਆਪਣੇ ਆਪ ਖੁਲ੍ਹ ਜਾਂਦਾ ਹੈ ਤੇ ਸੂਖਸ਼ਮ ਸਰੀਰ ਇਸ ਸਥੂਲ ਸਰੀਰ ਨੂੰ ਤਿਆਗ ਜਾਂਦਾ ਹੈ। ਯੋਗੀ ਆਪਣੀ ਮਰਜ਼ੀ ਅਨੁਸਾਰ ਇਸ ਗਠ ਨੂੰ ਖੋਲ੍ਹ ਕੇ ਜਿਤਨੀ ਦੇਰ ਚਾਹੇ, ਸਥੂਲ ਸਰੀਰ ਤੋਂ ਵਖ ਰਹੇ ਤੇ ਜਦੋਂ ਚਾਹੇ ਇਸ ਦੇ ਅੰਦਰ ਪਰਵੇਸ਼ ਕਰ ਜਾਵੇ। ਇਸ ਕਿਰਿਆ ਦੇ ਨਾਲ ਯੋਗੀ ਪਰਤੱਖ ਦੇਖਦਾ ਹੈ ਕਿ ਉਹ ਸਥੂਲ ਸਰੀਰ ਨਹੀਂ, ਓਹ ਕੁਝ ਹੋਰ ਹੀ ਹੈ। ਤਾਂ ਉਸ ਦਾ ਇਸ ਸਥੂਲ ਸਰੀਰ ਨਾਲੋਂ ਮੋਹ ਘਟਦਾ ਘਟਦਾ ਖ਼ਤਮ ਹੀ ਹੋ ਜਾਂਦਾ ਹੈ ਤੇ ਉਹ ਆਪਣੀ ਮਰਜ਼ੀ ਨਾਲ ਹੀ ਇਸ ਨੂੰ ਤਿਆਗ ਜਾਂਦਾ ਹੈ।

ਯੋਗ ਦੀ ਥੀਊਰੀ ਦਾ ਇਕ ਹੋਰ ਭੀ ਪੱਖ ਹੈ। ਉਸ ਦੇ ਅਨੁਸਾਰ ਸਾਡੀ ਰੀੜ੍ਹ ਦੀ ਹੱਡੀ ਦੇ ਨਿਚਲੇ ਸਿਰੇ ਤੇ ਮੂਲਧਾਰਾ ਚੱਕਰ ਵਿਚ 'ਕੁੰਡਲਨੀ ਸ਼ਕਤੀ', ਜਿਸ ਦੀ ਸ਼ਕਲ ਸੱਪ ਵਰਗੀ ਹੈ, ਆਪਣੇ ਗਿਰਦ ਸਾਢੇ ਤਿੰਨ ਚੱਕਰ ਲਾ ਕੇ ਆਪਣੀ ਪੂਛ ਆਪਣੇ ਮੂੰਹ ਵਿਚ ਲੈ ਕੇ ਬੈਠੀ ਹੈ। ਸਵਾਲ ਲੈਣ ਦੀਆਂ ਤਿੰਨ ਨਾੜੀਆਂ ਇੜਾ, ਪਿੰਗਲਾ ਤੇ ਸੁਖਮਨਾ ਹਨ। 'ਇੜਾ' ਸੂਰਜ ਦੀ ਜਾਂ ਗਰਮ ਨਾੜੀ ਰੀੜ੍ਹ ਦੇ ਸਜੇ, 'ਪਿੰਗਲਾ' ਚੰਦਰਮਾ ਦੀ ਜਾਂ



www.AKJ.Org

ਠੰਡੀ ਨਾੜੀ ਰੀੜ੍ਹ ਦੀ ਹੱਡੀ ਦੇ ਖਬੇ ਪਾਸੇ ਚਲਦੀਆਂ ਹਨ। ਰੀੜ੍ਹ ਦੇ ਵਿਚਲੇ ਪੁਲਾੜ ਦੇ ਵਿਚਕਾਰ 'ਸੁਖਮਨਾ' ਚਲਦੀ ਹੈ। ਇਸ ਦੇ ਨਿਚਲੇ ਸਿਰੇ ਤੇ 'ਕੁੰਡਲਨੀ ਸ਼ਕਤੀ' ਇਸ ਦਾ ਰਸਤਾ ਰੋਕ ਕੇ ਬੈਠੀ ਹੈ। ਪ੍ਰਾਣਾਯਾਮ ਦੇ ਅਭਿਆਸ ਨਾਲ 'ਕੁੰਡਲਨੀ' ਦਾ ਮੂੰਹ ਖੁਲ੍ਹ ਕੇ ਪੂਛ ਮੂੰਹ ਵਿਚੋਂ ਨਿਕਲ ਜਾਂਦੀ ਹੈ। ਸਵਾਸ ਸੁਖਮਨਾ ਦੇ ਰਸਤੇ ਉਪਰ ਵਲ ਚਲਦੇ ਹਨ। ਰੀੜ੍ਹ ਦੀ ਹੱਡੀ ਜਿਥੇ ਸਾਡੇ ਕਪਾਲ ਨਾਲ ਲਗਦੀ ਹੈ, ਉਥੇ ਮਾਸ ਦੀ ਇਕ ਪਤਲੀ ਤਹਿ ਸੁਖਮਨਾ ਦਾ ਰਸਤਾ ਰੋਕੀ ਬੈਠੀ ਹੈ–ਯੋਗੀ ਇਸ ਨੂੰ ਸਵਾਸ ਨਾਲ ਉਪਰ ਚੁਕਦਾ ਹੈ। ਇਸ ਮਾਸ ਦੀ ਕਤਲੀ ਨੂੰ ਸਿਲ ਆਖਦੇ ਹਨ। ਇਸ ਤੋਂ ਅਗੇ ਇਕ ਹੋਰ ਮਾਸ ਦਾ ਟੁਕੜਾ ਹੈ, ਜੋ ਸਵਾਸ ਨਾਲ ਇਕ ਪਾਸੇ ਹੋ ਜਾਂਦਾ ਹੈ, ਜਿਸ ਦਾ ਨਾਮ ਖਿੜਕੀ ਹੈ। ਇਸ ਤੋਂ ਅਗੇ ਉਹ **ਦਸਮ ਦੁਆਰ** ਮੰਨਦੇ ਹਨ, ਜੋ ਸਿਰ ਦੇ ਉਪਰ **ਪਿਛਲੇ ਪਾਸੇ ਹੈ**। ਇਥੇ ਪੁਜ ਕੇ ਯੋਗੀ ਦਿਵ ਬਜੰਤਰੀ ਬਾਜੇ ਬੰਸਰੀ ਆਦਿ ਵਜਦੇ ਸੁਣਦਾ ਹੈ, ਜਿਸ ਨੂੰ ਓਹ ਅਨਹਦ ਸ਼ਬਦ ਦਾ ਨਾਮ ਦਿੰਦੇ ਹਨ। ਇਹ ਹੈ ਯੋਗੀ ਦੇ "ਪਰਮ-ਸੁਖ" ਪ੍ਰਾਪਤ ਕਰਨ ਦਾ ਆਖ਼ਰੀ ਨਿਸ਼ਾਨਾ।

ਵੇਦਾਂਤ ਵਾਂਗੂ ਇਥੇ ਭੀ ਪ੍ਰਸ਼ਨ ਉਠਦਾ ਹੈ ਕਿ ਕੀ ਯੋਗੀ ਨੇ ਇਸ ਦਸਮ ਦੁਆਰ ਅਪੜ ਕੇ ਅਕਾਲ ਪੁਰਖ ਦਾ ਮਿਲਾਪ ਹਾਸਿਲ ਕਰ ਲਿਆ ਹੈ? ਦਸਦੇ ਹਨ ਕਿ **ਨਾਭੀ ਤੇ ਆਤਮਾ ਦਾ ਅਤੇ ਦਸਮ ਦੁਆਰ ਵਿਖੇ ਪਰਮ-ਆਤਮਾ ਦਾ ਨਿਵਾਸ ਹੈ।**

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਵਿਚ ਇਸ ਦਾ ਵਿਸਥਾਰ ਪੂਰਬਕ ਨਿਰਣਾ ਕੀਤਾ ਹੈ। ਓਹ ਲਿਖਦੇ ਹਨ ਕਿ ਅਸਲ ਦਸਮ ਦੁਆਰ ਯੋਗੀਆਂ ਦੇ ਮਨੋ-ਕਲਪਿਤ ਦਸਮ ਦੁਆਰ ਤੋਂ ਅਗੇ ਹੈ ਤੇ ਸਿਰ ਦੇ ਸ਼ਿਖਰ ਤੇ ਹੈ, ਜਿਥੇ "ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।†" ਉਸ ਦਾ ਰਸਤਾ ਗੁਰ-ਸ਼ਬਦ ਦੀ ਕਮਾਈ ਤੋਂ ਬਗੈਰ ਨਹੀਂ ਖੁਲ੍ਹਦਾ*। ਇਹ ਬੱਜਰ ਕਪਾਟ ਦੇ ਖੁਲ੍ਹਣ ਤੇ ਹੀ "ਗੁਰ ਸਬਦੀ ਗੋਬਿੰਦ ਗਜਿਆ"‡ ਵਾਲੀ ਬਿਧ ਬਣ ਆਉਂਦੀ ਹੈ, ਪਹਿਲਾਂ ਨਹੀਂ। ਯੋਗੀ ਦਸਮ ਦੁਆਰ ਤੋਂ ਥਲੇ ਹੀ ਸੰਤੁਸ਼ਟ ਹੋ ਕੇ ਬੈਠ ਗਿਆ। ਨਤੀਜਾ ਇਹ ਹੋਇਆ ਕਿ **ਯੋਗ ਸਿਸਟਮ ਭੀ ਸਾਨੂੰ ਅਕਾਲ ਪੁਰਖ ਨਾਲ ਮਿਲਾਪ ਨਹੀਂ ਕਰਾ ਸਕਿਆ**–ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥ (੯੪੬)

"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ, **ਬਿਨੁ ਨਾਵੈ ਜੋਗੁ ਨ ਹੋਈ**" ॥੭੨॥

[ਚਲਦਾ] ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੬

† ਰਾਮਕਲੀ ਕੀ ਵਾਰ ਮ: ੩, ਪੰਨਾ ੯੫੪ ‡ ਕਾਨੜੇ ਕੀ ਵਾਰ ਮ: ੪, ਪੰਨਾ ੧੩੧੫

* ਗੁਰ-ਸ਼ਬਦ ਕੋਈ ਜਾਦੂ ਨਹੀਂ ਕਿ ਇਸ ਨਾਲ ਹੀ ਦਸਮ ਦੁਆਰ ਖੁਲ੍ਹਦਾ ਹੈ। ਦਰ ਅਸਲ "ਗੁਰ ਸ਼ਬਦ" ਦੀ ਬਣਤਰ ਤੇ ਨਾਮ ਦੀ ਸੁਆਸ ਅਭਿਆਸੀ ਵਿਧੀ ਹੀ ਐਸੀ ਹੈ ਕਿ ਇਸ ਦੇ ਨਿਯਮਤ ਢੰਗ ਨਾਲ ਸਵਾਸ ਦੀ ਖ਼ਾਸ ਹਰਕਤ ਤੋਂ ਬਗੈਰ ਦਸਮ-ਦੁਆਰ ਦਾ ਖੁਲ੍ਹਣਾ ਅਸੰਭਵ ਹੈ। ਇਸ ਦਾ ਕੁਝ ਵਿਸਥਾਰ ਪੂਰਬਕ ਵੇਰਵਾ ਅੱਗੇ "ਗੁਰਮਤਿ" ਦੇ ਪਰਕਰਣ ਵਿਚ ਆਵੇਗਾ।


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਭਾਈ ਸਾਹਿਬ ਰਚਿਤ ਹੇਠ ਲਿਖੀਆਂ ਪੁਸਤਕਾਂ ਤੇ ਟਰੈਕਟ ਇਸ ਐਡਰੇਸ ਤੋਂ ਮਿਲਦੀਆਂ ਹਨ

**ਭਾ: ਸਾ: ਰਣਧੀਰ ਸਿੰਘ ਟ੍ਰਸਟ, 23-ਜੀ, ਸਰਾਭਾ ਨਗਰ, ਲੁਧਿਆਣਾ**

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਗੁਰਮਤਿ ਬਿਬੇਕ | ੭-੫੦ |
| ਵਾਹਿਗੁਰੂ ਸਿਮਰਨ | ੦-੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |




www.AKJ.Org

# ਟੂਟੀ ਗਾਢਨਹਾਰ ਗੋਪਾਲ

ਗਉੜੀ ਸੁਖਮਨੀ ਮ: ੫:—੨੮੨

[ਪ੍ਰੋ: ਹਰਨਾਮ ਸਿੰਘ W—139 ਗ੍ਰੇਟਰ ਕੈਲਾਸ਼, ਨਵੀਂ ਦਿੱਲੀ—੪੮]

ਇਸ ਮਹਾਂਵਾਕ ਵਿਚ ਪੰਚਮ ਪਾਤਸ਼ਾਹ ਨੇ ਵਾਹਿਗੁਰੂ ਦੇ ਬਿਰਦ ਦਾ ਪਤਾ ਦਿੰਦਿਆਂ ਫ਼ੁਰਮਾਇਆ ਹੈ ਕਿ ਉਹ ਇਤਨਾ ਦਿਆਲੂ ਹੈ ਕਿ ਜਿਹੜੇ ਜੀਵ ਉਸ ਨਾਲੋਂ ਟੁੱਟ ਕੇ ਅਲਗ ਹੋਣ ਦਾ ਯਤਨ ਕਰਦੇ ਹਨ, ਮਨਮਤ ਦੇ ਪਿੱਛੇ ਲਗ ਜਾਂਦੇ ਹਨ, ਭਟਕ ਜਾਂਦੇ ਹਨ, ਉਹ ਉਨ੍ਹਾਂ ਤੇ ਵੀ ਕਿਰਪਾ ਕਰ ਕੇ ਉਨ੍ਹਾਂ ਦੀ ਟੁੱਟੀ ਪ੍ਰੀਤ ਨੂੰ ਮੁੜ ਕੇ ਆਪਣੇ ਨਾਲ ਗੰਢ ਦਿੰਦਾ ਹੈ। ਇਸਦਾ ਭਾਵ ਇਹ ਹੈ ਕਿ ਉਹ ਨਾਤਾ ਤੋੜਨ ਵਾਲੇ ਦੇ ਅਉਗੁਣਾਂ ਨੂੰ ਨਹੀਂ ਚਿਤਾਰਦਾ ਤੇ ਆਪਣੇ ਬਿਰਦ ਨੂੰ ਪਾਲਦਾ ਹੋਇਆ ਉਨ੍ਹਾਂ ਨੂੰ ਆਪਣੀ ਛੱਤਰ ਛਾਇਆ ਹੇਠ ਲੈ ਆਉਂਦਾ ਹੈ। ਗੁਰਦੇਵ ਜੀ ਨੇ ਏਸੇ ਲਈ ਕਿਹਾ ਹੈ ਕਿ ਉਨ੍ਹਾਂ ਦਾ ਮਾਲਕ :—

ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥੨੧॥ ਮਾਰੂ ਵਾਰ ਮ: ੫—੧੧੦੧

ਉਸ ਕਿਰਪਾਲੂ ਤੇ ਬਖ਼ਸ਼ਿੰਦ ਪਿਤਾ ਦੇ ਇਨ੍ਹਾਂ ਗੁਣਾਂ ਨੂੰ ਧਿਆਨ ਵਿਚ ਰਖਦਿਆਂ ਉਸ ਮਾਲਕ ਨੂੰ ਦਿਆਲੂ, ਕਿਰਪਾਲੂ, ਪਿਤਾ, ਸਖਾ, ਮਿੱਤਰ, ਸਹਾਈ, ਮੇਹਰਵਾਨ, ਪ੍ਰਤਿਪਾਲਕ, ਸਾਹਿਬ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਮਨੁਖ ਭੁੱਲਾਂ ਕਰਦੇ ਹਨ, ਬੇਮੁਖ ਹੋ ਜਾਂਦੇ ਹਨ, ਕੁਰਾਹੇ ਪੈ ਜਾਂਦੇ ਹਨ, ਉਸ ਨਾਲੋਂ ਨਾਤਾ ਤੋੜਨ ਤੋਂ ਵੀ ਸੰਕੋਚ ਨਹੀਂ ਕਰਦੇ, ਪਰ ਜਦੋਂ ਉਹ ਆਪਣੀ ਭੁੱਲ ਤੇ ਪਸ਼ਚਾਤਾਪ ਕਰ ਕੇ ਫਿਰ ਉਸਦੀ ਸ਼ਰਨ ਵਿਚ ਆਉਂਦੇ ਹਨ, ਤਾਂ ਬਖ਼ਸ਼ਿੰਦ ਵਾਹਿਗੁਰੂ ਉਨ੍ਹਾਂ ਨੂੰ ਮੁੜ ਕੇ ਅਪਣਾ ਲੈਂਦਾ ਹੈ। ਇਹ ਉਸਦਾ ਬਿਰਦ ਹੈ।

ਵਾਹਿਗੁਰੂ ਵਾਲਾ ਇਹ ਗੁਣ ਉਸਦੇ ਪ੍ਰਤੱਖ ਸਰੂਪ ਦਸ ਗੁਰੂ ਸਾਹਿਬਾਨ ਵਿਚ ਦੇਖਿਆ ਜਾ ਸਕਦਾ ਹੈ। ਕਿਉਂਕਿ— ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥

ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥੧॥੨੯॥ (ਪੰਨਾ ੩੧੪)

ਜੋ ਪ੍ਰਾਣੀ ਵੀ ਆਪਣੇ ਗੁਨਾਹਾਂ ਦਾ ਪਛਤਾਵਾ ਕਰ ਕੇ ਗੁਰੂ ਕੀ ਸ਼ਰਨੀ ਆ ਪੈਂਦਾ ਹੈ, ਸਤਿਗੁਰੂ ਉਸ ਤੇ ਤਰਸ ਕਰਦਾ ਹੈ, ਖਿਮਾ ਕਰਦਾ ਹੈ ਅਤੇ ਉਸ ਨੂੰ ਬਖ਼ਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈ—

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗੁਣ ਬਖਸਿ ਲਇਆ ॥੨॥੧੩॥ (ਪੰ: ੭੦੩)

ਏਸੇ ਖਿਮਾ ਦੇ ਗੁਣ ਦੇ ਸਦਕੇ ਦਸ ਗੁਰੂ ਸਾਹਿਬਾਨ ਨੇ ਆਪਣੇ ਪਿਆਰੇ ਸਿੱਖਾਂ ਦੀਆਂ ਵਡੀਆਂ ਤੋਂ ਵਡੀਆਂ ਭੁਲਾਂ ਅਰਥਵਾ ਅਪਰਾਧਾਂ ਨੂੰ ਖਿਮਾ ਕਰ ਦਿਤਾ ਤੇ ਉਨ੍ਹਾਂ ਦੀ ਬਾਂਹ ਨਹੀਂ ਛਡੀ। ਇਸ ਤਰ੍ਹਾਂ ਗੁਰਦੇਵ ਨੇ ਸੰਸਾਰੀ ਜੀਵਾਂ ਨੂੰ ਖਿਮਾ ਦੇ ਮਾਰਗ ਦਾ ਪਤਾ ਦਿਤਾ। ਦਸਮੇਸ਼ ਗੁਰਦੇਵ ਨੇ 'ਤੇਰੇ ਜੋਗਾ' ਕਹਿਣ ਵਾਲੇ ਆਪਣੇ ਪਿਆਰੇ ਸਿਖ ਭਾਈ ਜੋਗਾ ਸਿੰਘ ਨੂੰ ਪ੍ਰੀਖਿਆ ਵਿਚ ਪਾ ਕੇ ਉਸ ਵਿਚੋਂ ਉਸ ਨੂੰ ਅਸਫਲ ਨਹੀਂ ਹੋਣ ਦਿਤਾ, ਸਗੋਂ ਉਸਦੇ ਆਚਰਣ ਤੇ ਆਪ ਪਹਿਰਾ ਦਿਤਾ ਤੇ ਉਸਦੀ ਆਪਣੇ ਨਾਲੋਂ ਪ੍ਰੀਤ ਨੂੰ ਟੁੱਟਣ ਨਹੀਂ ਦਿਤਾ। ਜਿਹੜਾ ਗੁਰੂ ਜੋਗਾ ਬਣ ਜਾਏ, ਗੁਰੂ ਵੀ ਉਸ ਜੋਗਾ ਬਣ ਜਾਂਦਾ ਹੈ; ਇਹ ਉਸਦਾ ਬਿਰਦ ਹੈ। ਖਿਮਾ ਇਕ ਅਤਿਅੰਤ ਵਡਮੁਲਾ ਗਹਿਣਾ ਹੈ—ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ, ਰਾਵੈ ਲਾਲ ਪਿਆਰੀ ॥੧॥ ਆਸਾ ਮ: ੧—੩੫੯

ਜੀਵ ਇਸਤ੍ਰੀ ਖਿਮਾ ਦਾ ਸੀਗਾਰ ਕਰ ਕੇ ਹੀ ਆਪਣੇ ਪਤੀ-ਪਰਮੇਸ਼ਰ ਨੂੰ ਰੀਝਾ ਸਕਦੀ ਹੈ, ਉਸਦੇ ਮਿਲਾਪ ਦੇ ਅਨੰਦ ਨੂੰ ਮਾਣ ਸਕਦੀ ਹੈ।

ਸਤਿਗੁਰੂ ਨਾਨਕ ਦੇਵ ਜੀ ਨੂੰ ਲੋਕਾਂ ਨੇ ਕੁਰਾਹੀਆ ਕਿਹਾ, ਵੱਟੇ ਮਾਰੇ, ਕੁਬੋਲ ਬੋਲੇ, ਲੱਤੋਂ ਪਕੜ ਕੇ ਘਸੀਟਣ ਤੋਂ ਵੀ ਸੰਕੋਚ ਨਹੀਂ ਕੀਤਾ, ਪਰ ਆਪ ਨੇ ਖਿਮਾ ਦੇ ਗੁਣ ਨੂੰ ਨਹੀਂ ਤਿਆਗਿਆ। ਆਪ ਦਾ ਆਦਰਸ਼ ਤਾਂ ਭੁਲੇ ਹੋਇ ਜੀਵਾਂ ਨੂੰ ਸੁਮਾਰਗ ਤੇ ਚਲਾਣਾ ਸੀ, ਬਦਲਾ ਲੈਣਾ ਨਹੀਂ ਸੀ।



www.AKJ.Org

ਪੰਚਮ ਗੁਰਦੇਵ ਜੀ ਨੇ ਤੱਤੀ ਤਵੀ ਤੇ ਬੈਠ ਕੇ ਵੀ ਸਾਈਂ ਮੀਆਂ ਮੀਰ ਨੂੰ ਖਿਮਾ ਧਾਰਨ ਕਰਨ ਦਾ ਉਪਦੇਸ਼ ਦਿਤਾ। ਗੁਰੂ ਅੰਗਦ ਸਾਹਿਬ ਦੇ ਪੁਤਰ ਦਾਤੂ ਜੀ ਨੇ ਗੁਰ-ਗੱਦੀ ਲੈਣ ਲਈ ਤੀਸਰੇ ਗੁਰਦੇਵ ਜੀ ਨੂੰ ਲੱਤ ਕਢ ਮਾਰੀ, ਪਰ ਖਿਮਾ ਦੇ ਸਾਗਰ ਗੁਰੂ ਅਮਰ ਦਾਸ ਜੀ ਉਸ ਦੇ ਚਰਨ ਫੜ ਲਏ ਤੇ ਉਸ ਦੀ ਇਸ ਘੋਰ ਅਪਮਾਨ ਵਾਲੀ ਹਰਕਤ ਤੇ ਰੱਤਾ ਜਿੰਨਾ ਵੀ ਗੁੱਸਾ ਨਹੀਂ ਕੀਤਾ।

ਛੇਵੇਂ ਗੁਰਦੇਵ ਜੀ ਨੇ ਭਾਈ ਗੁਰਦਾਸ ਦੀ ਪਰਖ ਕਰਨ ਲਈ ਕਾਬਲ ਤੋਂ ਘੋੜੇ ਖ਼ਰੀਦਣ ਸਮੇਂ ਜੋ ਕੌਤਕ ਵਰਤਾਇਆ, ਉਸ ਪਰਖ ਸਮੇਂ ਭਾਈ ਸਾਹਿਬ ਡੋਲ ਗਏ ਅਤੇ ਕਾਸ਼ੀ ਜਾ ਡੇਰਾ ਲਾਇਆ। ਗੁਰਦੇਵ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਵਾ ਕੇ ਕੇਵਲ ਭੁਲ ਨਹੀਂ ਬਖ਼ਸ਼ੀ, ਸਗੋਂ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਫਿਰ ਮੁਖੀ ਸਿਖਾਂ ਵਾਲਾ ਸਥਾਨ ਬਖ਼ਸ਼ ਦਿਤਾ। ਇਸ ਤਰ੍ਹਾਂ ਖਿਮਾ ਦੇ ਮਹਾਨ ਗੁਣ ਨੂੰ ਪ੍ਰਧਾਨਤਾ ਦਿਤੀ।

ਦਸਮੇਸ਼ ਗੁਰਦੇਵ ਜੀ ਨੇ ਚਾਲ੍ਹੀ ਬੇਦਾਵਾ ਲਿਖਣ ਵਾਲੇ ਸਿਖਾਂ ਦੀ ਟੁੱਟੀ ਪ੍ਰੀਤ ਨੂੰ ਗੰਢ ਕੇ, ਉਨ੍ਹਾਂ ਨੂੰ ਬੰਧਨ-ਮੁਕਤ ਕੀਤਾ ਅਤੇ ਰਹਿੰਦੀ ਦੁਨੀਆ ਤਕ ਉਹ ਨਿਤ ਸਿਖ-ਸੰਸਾਰ ਵਿਚ ਚਾਲੀ ਮੁਕਤਿਆਂ ਦੇ ਨਾਮ ਨਾਲ ਪਿਆਰੇ ਸਤਿਕਾਰੇ ਜਾਂਦੇ ਹਨ।

ਚਾਲੀ ਮੁਕਤਿਆਂ ਦੀ ਦਾਸਤਾਨ ਸਿਖ ਇਤਿਹਾਸ ਦੀ ਇਕ ਅਹਿਮ ਘਟਨਾ ਹੈ। ਇਨ੍ਹਾਂ ਸਿੰਘਾਂ ਨੇ ਮੋਹ-ਮਾਇਆ ਦੇ ਪ੍ਰਭਾਵ ਹੇਠ ਆ ਕੇ ਆਪਣੇ ਉਸ ਪ੍ਰੀਤਮ ਗੁਰਦੇਵ ਨਾਲੋਂ, ਜਿਸ ਨੂੰ 'ਖ਼ਾਲਸਾ ਮੇਰੋ ਰੂਪ ਹੈ ਖਾਸ' ਦਾ ਵਰਦਾਨ ਦਿਤਾ ਸੀ, ਨਾਤਾ ਤੋੜ ਲਿਆ। ਬੇਦਾਵਾ ਲਿਖ ਕੇ ਦੇ ਦਿਤਾ ਕਿ ਅਜ ਤੋਂ 'ਨਾ ਤੂੰ ਸ ਡਾ ਗੁਰੂ, ਅਤੇ ਨਾ ਅਸੀਂ ਤੇਰੇ ਸਿਖ'। ਸੰਸਾਰਕ ਦ੍ਰਿਸ਼ਟੀ ਤੋਂ ਉਨ੍ਹਾਂ ਸਿਖਾਂ ਦੀ ਇਹ ਇਕ ਵਡੀ ਭੁੱਲ ਸੀ। ਬਾਣੀ ਕਹਿੰਦੀ ਹੈ–

ਸਾਹਿਬੁ ਸੰਕਟਵੈ ਸੇਵਕੁ ਭਜੈ॥ਚਿਰੰਕਾਲ ਨ ਜੀਵੈ ਦੋਊ ਕੁਲ ਲਜੈ।੧॥[ਬਸੰਤ ਨਾਮਦੇਉ ਜੀ,੧੧੯੫

ਪੂਨਾ–ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥

ਬੰਧਨਿ ਬਾਧਿਆ ਆਈਐ ਜਾਈਐ ॥੫॥ ਬਿਲਾਵਲੁ ਮ: ੧–੮੩੨

ਇਸਤੋਂ ਵਡਾ ਅਪਰਾਧ ਹੋਰ ਕੀ ਹੋ ਸਕਦਾ ਹੈ ਕਿ ਸਾਹਿਬ ਵਲੋਂ ਜੇ ਕੋਈ ਸੰਕਟ ਆ ਪਵੇ ਤਾਂ ਸੇਵਕ ਭਜ ਪਵੇ। ਉਹ ਮਾਲਕ ਦਾ ਸਾਥ ਦੇਣ ਦੀ ਥਾਂ, ਉਸ ਲਈ ਮਰ ਮਿਟਣ ਦੀ ਥਾਂ, ਉਸ ਤੋਂ ਮੂੰਹ ਮੋੜ ਲਵੇ, ਬੇਮੁਖ ਹੋ ਜਾਵੇ। ਇਹੋ ਜਿਹੇ ਸੇਵਕਾਂ ਦਾ ਲੋਕ ਪਰਲੋਕ ਵਿਚ ਭਲਾ ਕਿਵੇਂ ਹੋ ਸਕਦਾ ਹੈ! ਉਹ ਜਨਮ ਮਰਨ ਦੇ ਗੇੜ ਤੋਂ ਕਿਵੇਂ ਛੁਟਕਾਰਾ ਪਾ ਸਕਦੇ ਹਨ। ਪਰ ਜਿਸ ਗੁਰੂ ਨੇ ਉਨ੍ਹਾਂ ਨੂੰ 'ਆਪਣਾ ਖਾਸ ਰੂਪ' ਪ੍ਰਦਾਨ ਕੀਤਾ, ਉਸਨੇ ਆਪਣੇ ਬਿਰਦ ਦੀ ਪਾਲਨਾ ਵੀ ਕਿਤਨੇ ਨਿਰਾਲੇ ਢੰਗ ਨਾਲ ਕੀਤੀ।

ਉਹ ਭੁਲੜ ਸਿਖ ਗੁਰੂ ਤੋਂ ਬੇਮੁਖ ਹੋ ਕੇ ਜਦੋਂ ਆਪਣੇ ਘਰੀਂ ਪਹੁੰਚੇ ਤਾਂ ਉਹ ਆਪਣੇ ਇਸ ਮਹਾਨ ਅਪਰਾਧ ਕਾਰਨ ਆਦਰ ਲੈਣ ਦੀ ਥਾਂ ਸਭ ਪਾਸੋਂ ਫਿਟਕਾਰੇ ਗਏ। ਉਨ੍ਹਾਂ ਦੀਆਂ ਘਰ ਵਾਲੀਆਂ ਨੇ ਵੀ ਉਨ੍ਹਾਂ ਨੂੰ ਆਦਰ-ਸਤਿਕਾਰ ਨਾ ਦਿਤਾ, ਕਿਉਂਕਿ ਉਹ ਸਤਿਗੁਰੂ ਨੂੰ ਪਿਠ ਦੇ ਆਏ ਸਨ। ਉਨ੍ਹਾਂ ਸਵਾਣੀਆਂ ਨੇ ਉਨ੍ਹਾਂ ਨੂੰ ਇਸ ਮਹਾਨ ਭੁੱਲ ਦਾ ਅਹਿਸਾਸ ਕਰਵਾਇਆ। ਬੇਦਾਵਾ ਦੇ ਆਏ ਸਿਖਾਂ ਦੀਆਂ ਅੱਖਾਂ ਅਗੋਂ ਅਗਿਆਨਤਾ ਦਾ ਪਰਦਾ ਹਟ ਗਿਆ, ਹਿਰਦੇ ਵਿਚ ਪਛਤਾਵਾ ਆਇਆ ਅਤੇ ਟੁਟੀ ਪ੍ਰੀਤ ਨੂੰ ਮੁੜ ਕੇ ਗੰਢਣ ਲਈ ਮੋੜੇ ਪਾ ਦਿਤੇ।

ਉਨ੍ਹਾਂ ਅਜੇ ਥੋੜਾ ਪੰਧ ਹੀ ਮਾਰਿਆ ਸੀ ਜੁ ਪਤਾ ਲਗਾ ਕਿ ਗੁਰੂ ਪਾਤਸ਼ਾਹ ਦਾ ਪਿੱਛਾ ਕਰਦਾ ਹੋਇਆ ਮੁਗਲ ਸੈਨਾ ਦਾ ਇਕ ਭਾਰੀ ਲਸ਼ਕਰ ਇਧਰ ਆ ਰਿਹਾ ਹੈ। ਇਨ੍ਹਾਂ ਨੇ ਆਪਣੇ ਪ੍ਰੀਤਮ-ਸਤਿਗੁਰੂ ਤੋਂ ਜਾਨਾਂ ਵਾਰਨ ਲਈ ਖਿਦਰਾਣੇ ਦੀ ਢਾਬ ਜਾ ਮਲੀ। ਆਉਂਦੇ ਮੁਗਲ-ਲਸ਼ਕਰ ਦਾ ਰਾਹ ਰੋਕ ਕੇ, ਉਨ੍ਹਾਂ ਨੂੰ ਲਲਕਾਰਿਆ ਅਤੇ ਆਪਣੀਆਂ ਜਾਨਾਂ ਤਲੀ ਤੇ ਰਖ ਕੇ ਵੈਰੀ-ਦਲ ਨਾਲ ਜੂਝਦੇ ਹੋਏ, ਅਨੇਕਾਂ ਦੇ ਘਾਣ ਲਾਹ ਕੇ ਉਨ੍ਹਾਂ ਨੂੰ ਭਾਜੜਾਂ ਪਾ ਦਿਤੀਆਂ। ਸਾਰੇ ਹੀ ਸਿੰਘ ਇਕ ਇਕ ਕਰ ਕੇ ਘਾਇਲ ਹੋ ਕੇ ਡਿਗਦੇ ਗਏ। ਰਹਿੰਦਾ-ਖੂੰਹਦਾ ਮੁਗਲ ਲਸ਼ਕਰ ਭਾਂਜ ਖਾ ਕੇ ਵਾਪਸ ਪਰਤ ਗਿਆ।

ਦਸਮੇਸ਼ ਪਿਤਾ ਉੱਚੀ ਟਿੱਬੀ ਤੇ ਬੈਠ ਕੇ ਇਹ ਸਾਰਾ ਕੌਤਕ ਨਿਰਾ ਵੇਖ ਹੀ ਨਹੀਂ ਰਹੇ ਸਨ, ਸਗੋਂ ਉਨ੍ਹਾਂ



www.AKJ.Org

ਦੀ ਸਹਾਇਤਾ ਲਈ ਉਪਰੋਂ ਤੀਰਾਂ ਦੀ ਵਾਛੜ ਨਾਲ, ਚੁਣ ਚੁਣ ਕੇ ਸ਼ਤਰੂਆਂ ਦੇ ਯੋਧਿਆਂ ਨੂੰ ਪਾਰ ਬੁਲਾਈ ਜਾ ਰਹੇ ਸਨ। ਯੁਧ ਦਾ ਖ਼ਾਤਮਾ ਹੋਇਆ। ਗੁਰੂ ਪਾਤਸ਼ਾਹ ਟਿੱਬੀ ਤੋਂ ਹੇਠਾਂ ਉਤਰੇ। ਬਿਰਦ-ਪਾਲ ਸਤਿਗੁਰੂ ਨੇ ਆਪਣੇ ਸਿਖਾਂ ਦਾ ਅਪਰਾਧ ਅਤੇ ਉਨ੍ਹਾਂ ਨੂੰ ਆਪਣੇ ਵਰਦਾਨਾਂ ਨਾਲ ਸਰਸ਼ਾਰ ਕਰ ਕੇ, ਉਨ੍ਹਾਂ ਦਾ ਲੋਕ ਪਰਲੋਕ ਸੰਵਾਰ ਦਿਤਾ। ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ ॥੪॥੧॥੪॥

ਬਿਹਾਗੜਾ ਮ: ੫–੫੪੪

ਗੁਰ-ਹੁਕਮ ਅਨੁਸਾਰ ਕਲਗੀਧਰ ਜੀ ਨੇ ਆਪਣਾ ਬਿਰਦ ਪਾਲਦੇ ਹੋਇਆਂ ਉਨ੍ਹਾਂ ਦੀ ਟੁੱਟੀ ਗੰਢ ਲਈ। ਉਨ੍ਹਾਂ ਲਈ ਮਨ ਵਿਚ ਕੋਈ ਸ਼ਿਕਵਾ ਨਹੀਂ ਰਖਿਆ। ਅਤਿਅੰਤ ਸੰਕਟ ਦੀ ਸਥਿਤੀ ਵਿਚ ਵੀ ਉਨ੍ਹਾਂ ਦਾ ਬੇਦਾਵੇ ਵਾਲਾ ਕਾਗਜ ਸੰਭਾਲ ਕੇ ਰਖਿਆ। ਹੋਰ ਸਭ ਕੁਝ ਜਾਂਦਾ ਰਿਹਾ, ਕੋਈ ਦੁਖ ਨਹੀਂ ਮੰਨਿਆ, ਪਰ ਬੇਦਾਵੇ ਵਾਲਾ ਕਾਗਜ਼ ਸੰਭਾਲ ਕੇ ਰਖਣ ਕਰਕੇ 'ਆਪਣੇ ਖਾਸ ਰੂਪ ਖਾਲਸਾ' ਨਾਲੋਂ ਪ੍ਰੀਤ ਨੂੰ ਟੁਟਣ ਨਹੀਂ ਦਿਤਾ–

'ਗੁਰਿ ਤੂਟੀ ਲੈ ਜੋਰੀ ॥' [ਗਉੜੀ ਮਹਲਾ ੫–੨੧੩-੧੪

ਪੁਤ ਭਾਵੇਂ ਕੁਪੁਤ ਹੋ ਜਾਣ, ਪਰ ਮਾਪੇ ਕੁਮਾਪੇ ਨਹੀਂ ਹੋ ਸਕਦੇ। ਦਸਮੇਸ਼ ਗੁਰਦੇਵ ਜੀ ਨੂੰ ਇਹ ਗੱਲ ਕਿਵੇਂ ਭਾਉਂਦੀ ਸੀ ਕਿ ਉਨ੍ਹਾਂ ਦੇ ਲਾਡਲੇ ਤੇ ਪਿਆਰੇ ਸਿਖ ਭੁੱਲ ਕਾਰਨ ਆਪਣਾ ਲੋਕ ਪਰਲੋਕ ਖ਼ਰਾਬ ਕਰ ਬਹਿਣ। ਆਪ ਨੇ ਸਾਰੇ ਸਿੰਘਾਂ ਨੂੰ ਰਣ-ਭੂਮੀ ਵਿਚੋਂ ਲਭ ਲਭ ਕੇ ਰਜਵੇਂ ਵਰਦਾਨ ਦਿਤੇ ਅਤੇ ਏਥੋਂ ਉੱਜਲ ਮੁਖ ਕਰ ਕੇ ਉਨ੍ਹਾਂ ਨੂੰ ਸਚਖੰਡ ਭੇਜਿਆ। ਭਾਈ ਮਹਾਂ ਸਿੰਘ ਦੀ ਅੰਤਿਮ ਮੰਗ ਤੇ ਬੇਦਾਵਾ ਓਥੇ ਹੀ ਫਾੜ ਦਿਤਾ।

'ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥੪॥੨॥

ਮਲਾਰ ਮਹਲਾ ੫–੧੨੬੬

ਉਸਦੀ ਮੰਗ ਪੂਰੀ ਕਰ ਕੇ ਗੋਪਾਲ ਰੂਪ ਗੁਰੂ ਨੇ ਟੁਟੀ ਗੰਢ ਲਈ ਤੇ ਸਾਰਿਆਂ ਨੂੰ ਮੁਕਤ ਹੋਣ ਦਾ ਵਰਦਾਨ ਦਿਤਾ। ਉਨ੍ਹਾਂ ਨੂੰ ਅਮਰ ਕਰ ਦਿਤਾ, ਪਰਵਾਣ ਚੜ੍ਹਾ ਦਿਤਾ। ਪੰਥ ਨੇ ਉਨ੍ਹਾਂ ਮੁਕਤਿਆਂ ਦੀ ਗੁਰੂ ਹਿੱਤ ਆਪਾ ਵਾਰਨ ਦੀ ਮਹਾਨ ਕਮਾਈ ਨੂੰ ਨਿਤ ਦੀ ਅਰਦਾਸ ਦਾ ਅਨਿਖੜਵਾਂ ਅੰਗ ਬਣਾ ਦਿਤਾ ਹੈ। ਉਨ੍ਹਾਂ ਦੀ ਇਸ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਨੂੰ ਚੇਤੇ ਕੀਤਾ ਜਾਂਦਾ ਹੈ।

ਇਸ ਇਤਿਹਾਸਕ ਘਟਨਾ ਤੋਂ ਇਕ ਪਾਸੇ ਗੁਰੂ ਦੇ ਕਿਰਪਾਲੂ, ਦਿਆਲੂ, ਬਖ਼ਸ਼ਿੰਦ, ਮਿਹਰਵਾਨ ਹੋਣ ਦਾ ਪਤਾ ਚਲਦਾ ਹੈ, ਦੂਜੇ ਪਾਸੇ ਸਿਖਾਂ ਦਾ ਗੁਰੂ ਨਾਲ ਡੂੰਘੇ ਸਨੇਹ ਤੇ ਗੁਰੂ ਤੋਂ ਸਦਕੇ ਹੋਣ ਦੇ ਮਹਾਨ ਆਦਰਸ਼ ਦਾ ਪਤਾ ਚਲਦਾ ਹੈ। ਸਾਨੂੰ ਵੀ ਇਹ ਅਰਦਾਸ ਕਰਨ ਦੀ ਪ੍ਰੇਰਨਾ ਮਿਲਦੀ ਹੈ :–

ਹਮ ਅਪਰਾਧੀ ਸਦ ਭੂਲਤੇ, ਤੁਮ੍ ਬਖਸ਼ਨਹਾਰੇ ॥੧॥ਰਹਾਉ॥ ਬਿਲਾਵਲੁ ਮ: ੫–੮੦੯


# ਭਾ: ਸਾ: ਭਾਈ ਰਣਧੀਰ ਸਿੰਘ ਅਕੈਡਮੀ, ਲੁਧਿਆਣਾ

ਸਮੂਹ ਗੁਰੂ-ਨਾਨਕ-ਨਾਮ-ਲੇਵਾ ਗੁਰਸਿਖਾਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਅਕੈਡਮੀ ਦੀ ਸਥਾਪਨਾ ਲਈ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ, ਇੰਪਰੂਵਮੈਂਟ ਟ੍ਰਸਟ ਲੁਧਿਆਣਾ ਪਾਸੋਂ ਦੋ ਏਕੜ ਦਾ ਪਲਾਟ ਖ਼ੀਦਿਆ ਗਿਆ ਹੈ। ਪਲਾਟ ਨੂੰ ਪਧਰਾ ਕਰ ਕੇ ਉਸ ਦੀ ਚਾਰ-ਦੀਵਾਰੀ ਕਰ ਲਈ ਗਈ ਹੈ। ਇਸ ਅਸਥਾਨ ਤੇ ਸਕੂਲ ਦੀ ਬਿਲਡਿੰਗ, ਲਾਇਬਰੇਰੀ, ਕੀਰਤਨ ਹਾਲ ਆਦਿ ਦੀ ਸੇਵਾ ਜਾਰੀ ਹੈ। ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਸ ਸ਼ੁਭ ਕਾਰਜ ਵਿਚ ਤਨ ਮਨ ਧਨ ਰਾਹੀਂ ਸਹਿਯੋਗ ਬਖ਼ਸ਼ਣ ਦੀ ਕਿਰਪਾਲਤਾ ਕਰਨ।

ਨੋਟ–ਚੈਕ ਜਾਂ ਬੈਂਕ ਡਰਾਫ਼ਟ "ਭਾਈ ਰਣਧੀਰ ਸਿੰਘ ਟ੍ਰਸਟ" ਦੇ ਨਾਮ ਹੋਣ ਅਤੇ ਦਾਸ ਨੂੰ ੨੩-ਜੀ, ਸਰਾਭਾ ਨਗਰ, ਲੁਧਿਆਣਾ ਦੇ ਪਤੇ ਤੇ ਭੇਜੇ ਜਾਣ।

ਪ੍ਰਾਰਥਕ–ਬਲਬੀਰ ਸਿੰਘ

ਸਕਤ੍ਰ, ਭਾਈ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ (ਪੰਜਾਬ)




www.AKJ.Org

# ਗੁਰ-ਮੂਰਤਿ ਗੁਰ-ਸਬਦੁ ਹੈ

[ਪ੍ਰੋਫੈਸਰ ਸਾਹਿਬ ਸਿੰਘ ਜੀ]

ਨੋਟ :–

ਗੁਰੂ ਸਾਹਿਬ ਨੇ ਭੁਲੀ-ਭਟਕੀ ਲੁਕਾਈ ਨੂੰ, ਪਾਰਬ੍ਰਹਮ ਪਰਮੇਸ਼ਰ ਤੋਂ ਵਿਛੜੀ ਸ੍ਰਿਸ਼ਟੀ ਨੂੰ ਬਹੁ-ਪੱਖੀ ਪੂਜਾ ਤੋਂ ਵਰਜ ਕੇ ਇਕ ਅਕਾਲ ਦੀ ਪੂਜਾ ਵਲ ਲਾਇਆ; ਮੂਰਤੀ-ਪੂਜਾ ਅਤੇ ਤਸਵੀਰ-ਪੂਜਾ ਤੋਂ ਹਟਾ ਕੇ ਸ਼ਬਦ-ਗੁਰੂ ਦੇ ਲੜ ਲਾਇਆ। ਪ੍ਰਭੂ-ਪ੍ਰਾਪਤੀ ਦਾ ਇਕੋ-ਇਕ ਵਸੀਲਾ ਸ਼ਬਦ-ਸਿਮਰਨ ਦੀ ਕਮਾਈ ਦਸਿਆ। ਇਹ ਸ਼ਬਦ-ਸਿਮਰਨ ਦੀ ਦਾਤਿ ਉਚ ਜੀਵਨੀ ਵਾਲੇ ਨਾਮ-ਅਭਿਆਸੀ ਪੰਜਾਂ ਪਿਆਰਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਪ੍ਰਾਪਤ ਹੁੰਦੀ ਹੈ; ਆਪ-ਹੁਦਰੋਂ ਨਹੀਂ। ਪੰਚਾਂ ਤੋਂ ਅੰਮ੍ਰਿਤ ਛਕਣ ਸਮੇਂ ਜੋ ਰਹਿਤ-ਬਹਿਤ ਦ੍ਰਿੜ੍ਹਾਈ ਜਾਂਦੀ ਹੈ, ਉਸ ਤੇ ਤਨੋਂ ਮਨੋਂ ਅਮਲ ਕਰਨ ਨਾਲ ਹੀ ਨਾਮ ਦੀ ਚੜ੍ਹਦੀ ਕਲਾ ਵਾਪਰ ਸਕਦੀ ਹੈ; ਐਵੇਂ ਨਹੀਂ। ਗੁਰਸਿਖੀ ਮੰਨ-ਮੰਨੀ ਦੀ ਨਹੀਂ ਹੈ, ਸਗੋਂ "ਗੁਰਿ ਕਹਿਆ ਸਾ ਕਾਰ ਕਮਾਵਹੁ" (ਪੰਨਾ ੮੩੨) ਗੁਰ-ਹੁਕਮਾਂ ਨੂੰ ਮੰਨਣ ਵਿਚ ਹੈ। ਗੁਰੂ-ਫ਼ੁਰਮਾਨ ਤਾਂ ਇਉਂ ਹਨ–"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥" (ਪੰਨਾ ੩੦੫-੦੬)। ਪਿਛਲੀ ਰਾਤੀ ਨਾਮ ਜਪਦਿਆਂ ਗੁਰਸਿਖ ਉਠੇ ਅਤੇ ਇਸ਼ਨਾਨ ਕਰ ਕੇ ਗੁਰੂ ਦਾ ਉਪਦੇਸ਼-ਮੰਨਦਿਆਂ ਮੁਖ ਰਸਨਾ ਦੁਆਰਾ ਸ਼ਬਦ ਦਾ ਉਚਾਰਨ ਕਰੇ, ਤੇ ਸੁਰਤੀ ਉਚਾਰਨ ਨਾਲ ਜੋੜੇ। ਫਿਰ ਦਿਨ ਚੜ੍ਹੇ ਤਕ ਗੁਰਬਾਣੀ ਪੜ੍ਹੇ ਸੁਣੇ ਤੇ ਗਾਇਨ ਕਰੇ। ਇਉਂ ਨਿਤ ਅਭਿਆਸ ਨਾਲ ਬਹਿੰਦਿਆਂ ਉਠਦਿਆਂ (ਭਾਵ, ਹਰ ਛਿਨ) ਨਾਮ ਨਾਲ ਸੁਰਤ ਜੋੜੀ ਰਖੇ। ਪਰ ਜੇ ਅਸੀਂ ਆਪਣੀ ਮਨ ਦੀ ਮਤ ਮਗਰ ਲਗ ਕੇ ਗੁਰ-ਹੁਕਮਾਂ ਨੂੰ ਤਾਂ ਜੋ ਮਨੋਂ ਚਿਤੋਂ ਨਾ ਕਮਾਈਏ, ਪਰ ਨਾਮ ਜਪਣ ਤੇ ਨਾਮ-ਪ੍ਰਾਪਤੀ ਦੀਆਂ ਕੂਕਾਂ ਦੇਂਦੇ ਫਿਰੀਏ ਤਾਂ ਇਹ ਨਿਰਾ ਹਉਮੈ ਦਾ ਪਸਾਰਾ ਹੈ।

ਗੁਰ-ਫ਼ੁਰਮਾਨ ਤਾਂ ਹਨ, "ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰ ਪਾਰਬ੍ਰਹਮ ਸਦਾ ਨਮਸਕਾਰਉ ॥ (ਪੰਨਾ ੮੬੪)। ਅਤੇ ਗੁਰੂ ਕੇ ਚਰਨ ਹਿਰਦੇ ਵਸਾਉਣ ਦੀ ਵਿਆਖਿਆ ਇਉਂ ਕੀਤੀ ਹੈ, "ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥" (ਪੰਨਾ ੬੮੦)। ਗੁਰੂ ਕੇ ਸ਼ਬਦ ਨਾਮ-ਮੰਤ੍ਰ ਦੀ ਕਮਾਈ ਹੀ ਗੁਰੂ ਕੀ ਮੂਰਤ ਹੈ, ਗੁਰੂ ਕੇ ਚਰਨ ਹਨ, ਗੁਰੂ ਕੀ ਪੂਜਾ ਹੈ। ਗੁਰੂ ਪਾਤਸ਼ਾਹ ਨੇ ਸਾਨੂੰ "ਸ਼ਬਦ-ਗੁਰ" ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਪਰ ਅਸੀਂ ਸ਼ਬਦ-ਗੁਰੂ ਦੇ ਲੜ ਲਗਣ ਦੀ ਥਾਂ ਸਤਿਗੁਰਾਂ ਦੀਆਂ ਬਨਾਵਟੀ ਕਾਗਜ਼ੀ ਮੂਰਤਾਂ ਤਸਵੀਰਾਂ ਵਿਚ ਉਲਝ ਗਏ ਹਾਂ। ਜਿਥੇ ਕਿਥੇ ਗੁਰਦਵਾਰਿਆਂ ਵਿਚ, ਸੰਤ ਅਖਵਾਂਦੇ ਡੇਰਿਆਂ ਵਿਚ ਅਤੇ ਘਰਾਂ ਵਿਚ ਇਨ੍ਹਾਂ ਤਸਵੀਰਾਂ ਦੀ ਨੁਮਾਇਸ਼ ਹੋ ਰਹੀ ਹੈ। ਕਈ ਭੁਲੜ ਸਜਣ ਕਦੇ ਸੰਤ ਅਖਵਾਣ ਲਗ ਪੈਂਦੇ ਹਨ ਅਤੇ ਕਦੇ ਭਾਈ, ਫਿਰ ਗੁਰਮਤਿ ਦਾ ਉਪਦੇਸ਼ ਪਰਚਾਰਦੇ ਹੋਏ ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣ ਦਾ ਪਰਚਾਰ ਕਰਦਿਆਂ ਦਸਵੰਧ ਦੇਣ ਦਾ ਵੀ ਹੋਕਾ ਦੇਂਦੇ ਹਨ, ਪਰ ਨਾਲ ਇਉਂ ਵੀ ਲਿਖਦੇ ਹਨ ਕਿ "ਜਿਨ੍ਹਾਂ ਡੇਰਿਆਂ ਜਾਂ ਘਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਤਸਵੀਰ ਨਾ ਲਗੀ ਹੋਵੇ, ਉਨ੍ਹਾਂ ਨੂੰ ਸਾੜ ਸੁਟੋ ਜੀ।" ਕੀ ਇਹ ਤਸਵੀਰਾਂ ਦਾ ਪਰਚਾਰ ਕਰਨਾ ਗੁਰਮਤਿ ਹੈ ਜਾਂ ਮਨਮਤਿ ? ਸਾਡੇ ਇਹ ਸਜਣ ਜੀ ਗੁਰਮਤਿ ਦੇ ਭੁਲੇਖੇ ਵਿਚ ਮਨਮਤਿ ਨੂੰ ਪਰਚਾਰਦੇ ਹੋਏ, ਸਾਨੂੰ ਭੇਜੀ ਇਕ ਕਵਿਤਾ ਵਿਚ ਇਥੋਂ ਤਕ ਵੀ ਲਿਖ ਜਾਂਦੇ ਹਨ–"ਨਾਹਣਾ ਧੋਣਾ ਮਨ ਦੀ ਮੌਜ। ਕੀ ਲੈਣਾ ਹੈ ਰੋਜ਼ ਰੋਜ਼। ਮਨ ਮੰਨਿਆ ਤਾਂ ਨਹਾ ਲਿਆ। ਨਹੀਂ ਤਾਂ ਸਮਾਂ ਟਪਾ ਲਿਆ। '......' ਨਾਮ ਜਪਣ ਦੀ ਲੋੜ ਹੈ। ਜ਼ਿੰਦਗੀ ਦੀ ਇਹੋ ਦੌੜ ਹੈ।" ਕੀ ਇਹ ਗੁਰਮਤਿ ਦਾ ਪਰਚਾਰ ਹੈ ? ਕੀ ਨਾਮ ਜਪਣਾ ਤੇ ਇਸ਼ਨਾਨ



www.AKJ.Org

ਕਰਨਾ ਮਨ-ਮੰਨੇ ਦੀ ਮੌਜ ਹੈ ਜਾਂ ਗੁਰੂ ਦੇ ਹੁਕਮ ਕਮਾਉਣ ਦੀ ਖੇਡ ਹੈ ? ਗੁਰੂ ਦੇ ਹੁਕਮ ਕਮਾਏ ਬਿਨਾਂ ਨਾਮ-ਜਾਪਦੀਆਂ ਗੱਲਾਂ ਕਰਨੀਆਂ ਕੀ ਅਰਥ ਰਖਦੀਆਂ ਹਨ ?

ਅਸੀਂ ਗੁਰਮਤਿ-ਪਰਚਾਰ ਨੂੰ ਗੁਰੂ ਕੀ ਬਾਣੀ ਦੀ ਰੋਸ਼ਨੀ ਵਿਚ ਪਰਚਾਰੀਏ ਤਾਂ ਹੀ ਭਲਾ ਹੋ ਸਕਦਾ ਹੈ, ਨਹੀਂ ਤਾਂ ਮਨ-ਮੰਨੇ ਉਪਦੇਸ਼ ਨਾਲ ਅਤੇ ਤਸਵੀਰਾਂ ਦਾ ਪਰਚਾਰ ਕਰ ਕੇ ਸਿਖ ਸੰਗਤਾਂ ਨੂੰ ਪਟੜੀਓਂ ਲਾਹ ਕੇ ਕੁਰਾਹੇ ਪਾਉਣ ਵਾਲੀ ਗੱਲ ਹੈ ।

ਹੇਠਾਂ ਅਸੀਂ ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਅਜ ਤੋਂ ਕਈ ਦਹਾਖੇ ਪਹਿਲੋਂ ਲਿਖਿਆ ਲੇਖ "ਗੁਰ-ਮੂਰਤਿ ਗੁਰ-ਸਬਦੁ ਹੈ" ਦੇ ਰਹੇ ਹਾਂ, ਜਿਸ ਵਿਚ ਭਾਈ ਗੁਰਦਾਸ ਜੀ ਦੀਆਂ ਕਈ ਪਉੜੀਆਂ ਦੀ ਵਿਆਖਿਆ ਕਰਦਿਆਂ ਦਸਿਆ ਹੈ ਕਿ ਭਾਈ ਸਾਹਿਬ ਨੇ ਪੂਰੇ ਜ਼ੋਰ ਨਾਲ ਗੁਰ-ਤਸਵੀਰ ਦੇ ਵਿਰੁਧ ਪਰਚਾਰ ਕੀਤਾ ਹੈ । ਅਤੇ ਪੰਥਕ ਆਗੂਆਂ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਇਕ ਵਾਰੀ ਅਸਾਂ ਗੁਰ-ਤਸਵੀਰ ਨੂੰ ਗੁਰਮਤਿ ਦੀ ਲੜੀ ਵਿਚ ਪ੍ਰੋ ਲਿਆ ਤਾਂ ਇਸ ਪੈਂਤੜੇ ਤੋਂ ਐਸੇ ਖ਼ਤਰਨਾਕ ਧਰਮ-ਵਿਰੋਧੀ ਸਿੱਟੇ ਨਿਕਲਣਗੇ, ਜਿਨ੍ਹਾਂ ਦਾ ਟਾਕਰਾ ਕਰਨਾ ਮੁਸ਼ਕਲ ਹੋ ਜਾਏਗਾ । —ਸੰਪਾਦਕ

## ਜੀਵਨ-ਰਾਹ ਵਿਚ ਅਨੇਕਾਂ ਠੇਡੇ—

ਜਦੋਂ ਸਤਿਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਤਦੋਂ ਭਾਰਤ ਵਿਚ ਵੱਸਦੇ ਲੋਕਾਂ ਦੀ ਭਾਰੀ ਬਹੁ-ਗਿਣਤੀ ਹਿੰਦੂ ਧਰਮ ਦੇ ਸ਼ਰਧਾਲੂਆਂ ਦੀ ਸੀ । ਜਗਤ ਵਿਚ ਅਨੇਕਾਂ ਠੇਡੇ ਹਨ, ਜੋ ਮਨੁੱਖ ਨੂੰ ਮਨੁੱਖਤਾ ਤੋਂ ਡੇਗਦੇ ਰਹਿੰਦੇ ਹਨ । ਧਰਮ-ਅਵਲੰਬੀ ਹੁੰਦਾ ਹੋਇਆ ਭੀ ਬੰਦਾ ਬੇ-ਮਲੂਮੇ ਜਿਹੇ ਇਹਨਾਂ ਠੇਡਿਆਂ ਦਾ ਸ਼ਿਕਾਰ ਹੋ ਜਾਂਦਾ ਹੈ । ਤੇ, ਆਪਣੇ ਆਪ ਨੂੰ ਧਰਮ ਦੇ ਰਾਹ ਉੱਤੇ ਤੁਰਦਾ ਸਮਝਦਾ ਹੋਇਆ ਭੀ ਧਰਮ ਦੇ ਰਸਤੇ ਤੋਂ, ਮਨੁੱਖਤਾ ਦੀ ਪਗ-ਡੰਡੀ ਤੋਂ, ਲਾਂਭੇ ਚਲਾ ਜਾਂਦਾ ਹੈ । ਕਿਸੇ ਭੀ ਧਰਮ ਵਿਚ ਸ਼ਰਧਾ ਰੱਖਣ ਵਾਲਾ ਮਨੁੱਖ ਹੋਵੇ, ਹਰੇਕ ਨੂੰ ਇਹ ਔਕੜ ਵਾਪਰ ਸਕਦੀ ਹੈ ਤੇ ਵਾਪਰਦੀ ਹੈ । ਸਤਿਗੁਰੂ ਨਾਨਕ ਦੇਵ ਜੀ ਨੂੰ ਜਿਉਂ ਜਿਉਂ ਹਿੰਦੂ ਜਨਤਾ ਨਾਲ ਵਾਹ ਪਿਆ, ਉਹਨਾਂ ਨੇ ਆਪਣੀ ਰੋਸ਼ਨ-ਦਿਮਾਗੀ ਤੇ ਉੱਚੇ ਆਤਮਕ ਜੀਵਨ ਦੇ ਦ੍ਰਿਸ਼ਟੀ-ਕੋਣ ਤੋਂ ਵੇਖਿਆ ਕਿ ਸਹੀ ਧਾਰਮਿਕ ਅਗਵਾਈ ਦੀ ਅਣਹੋਂਦ ਦੇ ਕਾਰਨ ਜਨਤਾ ਮਨੁੱਖਤਾ ਦੀ ਪਟੜੀ ਤੋਂ ਖੁੰਝ ਕੇ ਕੁਰਾਹੇ ਜਾ ਰਹੀ ਹੈ । ਉੱਚੀ ਨੀਵੀਂ ਜਾਤ ਦਾ ਵਿਤਕਰਾ, ਨਿਰੇ ਤੀਰਥ-ਇਸ਼ਨਾਨ ਨੂੰ ਆਤਮਕ ਪਵਿੱਤ੍ਰਤਾ ਦਾ ਸਾਧਨ ਸਮਝਣਾ, ਆਪਣੀ ਹੱਥੀਂ ਘੜੀਆਂ ਮੂਰਤੀਆਂ ਨੂੰ ਭਗਵਾਨ ਦੀ ਮੂਰਤੀ ਸਮਝ ਕੇ ਉਸ ਦੀ ਪੂਜਾ, ਪਿਤਰਾਂ ਨੂੰ ਖ਼ੁਰਾਕ ਅਪੜਾ ਸਕਣ ਦੀ ਮਨੌਤ––ਅਜਿਹੇ ਕਈ ਠੇਡੇ ਹਿੰਦੂ-ਜਨਤਾ ਨੂੰ ਲੱਗ ਰਹੇ ਸਨ ।

ਸਤਿਗੁਰੂ ਜੀ ਨੇ ਆਪਣੇ ਨਿਜੀ ਸੁਖ ਕੁਰਬਾਨ ਕਰ ਕੇ ਸਾਰੇ ਭਾਰਤ ਦਾ ਅੱਠ-ਸਾਲਾ ਚੱਕਰ ਲਾਇਆ । ਜਨਤਾ ਅਤੇ ਜਨਤਾ ਦੇ ਅਖੌਤੀ ਧਾਰਮਿਕ ਆਗੂਆਂ ਨੂੰ ਉਹਨਾਂ ਭੁਲੇਖਿਆਂ ਵੱਲੋਂ ਸੁਚੇਤ ਕੀਤੋ-ਨੇ, ਜਿਨ੍ਹਾਂ ਦੇ ਕਾਰਨ ਜ਼ਿੰਦਗੀ ਦੁੱਖਾਂ ਦੇ ਭਾਰ ਹੇਠ ਕਰਾਹ ਰਹੀ ਸੀ ।.........

## ਗੁਰ-ਤਸਵੀਰ ਲਈ ਉਮੰਗ—

ਅਸੀਂ ਦੱਸ ਚੁੱਕੇ ਹਾਂ ਕਿ ਮਾਨਸਕ ਠੇਡੇ ਕਿਸੇ ਭੀ ਧਰਮ ਮਜ਼ਹਬ ਦਾ ਲਿਹਾਜ਼ ਨਹੀਂ ਕਰਦੇ । ਸਿੱਖ ਭੀ ਇਹਨਾਂ ਤੋਂ ਕਿਵੇਂ ਬਚ ਸਕਦੇ ਹਨ । ਰਾਜਿਆਂ ਮਹਾਰਾਜਿਆਂ, ਸ਼ਾਹਾਂ ਬਾਦਸ਼ਾਹਾਂ ਦੀਆਂ ਤਸਵੀਰਾਂ ਬਣਦੀਆਂ ਵੇਖ ਕੇ ਕਿਤੇ ਕਿਤੇ ਸਿੱਖਾਂ ਦੇ ਦਿਲ ਵਿਚ ਭੀ ਇਹ ਉਮੰਗ ਉਠਣੀ ਕੁਦਰਤੀ ਗੱਲ ਸੀ ਕਿ ਸਤਿਗੁਰੂ ਜੀ ਦੇ ਸਰੀਰ ਦੀ ਭੀ ਤਸਵੀਰ ਬਣੇ । ਪਰ ਜੇ ਮੂਰਤੀ ਦੀ ਹੋਂਦ ਮੂਰਤੀ-ਪੂਜਾ ਵਲ ਲੈ ਜਾ ਸਕਦੀ ਹੈ, ਤਾਂ ਤਸਵੀਰ ਵੀ ਆਪਣੀ ਪੂਜਾ ਵਲ ਪ੍ਰੇਰ ਸਕਦੀ ਹੈ । ਸੈਂਕੜੇ ਹਜ਼ਾਰਾਂ ਉਪਦੇਸ਼ਕ ਤੇ ਪਰਚਾਰਕ ਭੀ ਮਨੁੱਖ ਨੂੰ ਇਸ ਕਮਜ਼ੋਰੀ ਤੋਂ ਬਚਾ ਨਹੀਂ ਸਕਦੇ । ਸਤਿਗੁਰੂ ਜੀ ਨੇ ਆਪਣੇ ਸਰੀਰ ਦੀ ਤਸਵੀਰ ਬਣਨ ਦੀ ਆਗਿਆ ਨਾ ਦਿੱਤੀ।

........ਇਹ ਤਾਂਘ ਬਣੀ ਹੀ ਰਹੀ ਕਿ ਸਤਿਗੁਰੂ ਜੀ ਦੇ ਸਰੀਰ ਦੀ ਕੋਈ ਤਸਵੀਰ ਹੋਵੇ । ਸਿੱਖ-ਧਰਮ ਦੇ



www.AKJ.Org

ਦ੍ਰਿਸ਼ਟੀਕੋਣ ਤੋਂ ਇਹ ਤਾਂਘ ਮਾੜੀ ਸੀ। ਜਿਵੇਂ ਮੂਰਤੀ-ਪੂਜਾ ਸਰਬ-ਵਿਆਪਕ ਪ੍ਰਭੂ ਨੂੰ ਖ਼ਲਕਤ ਨਾਲੋਂ ਨਿਖੇੜ ਕੇ ਮਨੁੱਖ ਨੂੰ ਇਕ ਮੂਰਤੀ ਦਾ ਹੀ ਉਪਾਸ਼ਕ ਬਣਾ ਦੇਂਦੀ ਹੈ, ਤੇ ਖ਼ਲਕਤ ਦੇ ਦੁੱਖ-ਦਰਦ ਦਾ ਭਾਈਵਾਲ ਬਣਨ ਤੋਂ ਵਾਂਜਿਆਂ ਰੱਖਦੀ ਹੈ, ਤਿਵੇਂ ਹੀ ਤਸਵੀਰ-ਪੂਜਾ। ਤਸਵੀਰਾਂ ਤੋਂ ਤਸਵੀਰ-ਪੂਜਾ ਚੱਲ ਹੀ ਪੈਣੀ ਹੋਈ। ਇਹ ਇਕ ਭਾਰਾ ਖ਼ਤਰਾ ਸਿੱਖ-ਧਰਮ ਅਤੇ ਸਿੱਖ-ਕੌਮ ਦੇ ਸਾਹਮਣੇ ਆ ਰਿਹਾ ਸੀ।

## ਸੱਚਾ ਪਾਤਿਸ਼ਾਹ ਅਤੇ ਉਸ ਦੀ ਤਸਵੀਰ—

ਉਞ ਤਾਂ ਸਿੱਖ ਆਪਣੇ ਗੁਰੂ ਨੂੰ ਪਹਿਲਾਂ ਹੀ 'ਸੱਚਾ ਪਾਤਿਸ਼ਾਹ' ਆਖਣ ਲੱਗ ਪਏ ਸਨ। ਗੁਰੂ ਅਰਜਨ ਸਾਹਿਬ ਨੂੰ ਗੁਰਿਆਈ ਮਿਲਿਆਂ ਥੋੜੇ ਹੀ ਮਹੀਨੇ ਹੋਏ ਸਨ, ਜਦੋਂ ਸੱਤਾ ਬਲਵੰਡ ਰਬਾਬੀਆਂ ਨੇ ਆਪਣੀ ਭੁੱਲ ਬਖ਼ਸ਼ਾਣ ਵੇਲੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕ 'ਵਾਰ' ਉਚਾਰੀ ਸੀ। ਇਸ 'ਵਾਰ' ਦੀ ਦੂਜੀ ਪਉੜੀ ਵਿਚ ਰਾਇ ਬਲਵੰਡ ਗੁਰੂ ਅੰਗਦ ਸਾਹਿਬ ਦੀ ਉਸਤਤ ਕਰਦਾ ਹੋਇਆ ਉਹਨਾਂ ਨੂੰ 'ਸੱਚਾ ਪਾਤਿਸ਼ਾਹ' ਆਖਦਾ ਹੈ :—

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥੨॥

ਪਰ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਗੁਰੂ ਬਣਦਿਆਂ ਹੀ ਰਾਜਸੀ ਠਾਠ ਭੀ ਬਣਾ ਲਿਆ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਭੀ ਖੜੀ ਕਰ ਲਈ, ਤਦੋਂ ਦੁਨੀਆਵੀ ਬਾਦਸ਼ਾਹਾਂ ਦੇ ਟਾਕਰੇ ਤੇ ਗੁਰੂ ਬਾਰੇ ਹਰੇਕ ਸਿੱਖ ਦੀ ਜੀਭ ਉੱਤੇ 'ਸੱਚਾ' ਪਾਤਿਸ਼ਾਹ' ਲਫ਼ਜ਼ ਚੜ੍ਹਨੇ ਇਕ ਕੁਦਰਤੀ ਗੱਲ ਸੀ। ਮੁਸੱਵਰ ਲੋਕ ਮੁਗ਼ਲ ਬਾਦਸ਼ਾਹਾਂ ਦੀਆਂ ਤਸਵੀਰਾਂ ਬਣਾਂਦੇ ਸਨ, ਤੇ ਇਨਾਮ ਹਾਸਲ ਕਰਦੇ ਸਨ। ਸਿੱਖਾਂ ਦੇ ਮਨਾਂ ਵਿਚ ਗੁਰੂ-ਪਾਤਿਸ਼ਾਹ ਦੀ ਤਸਵੀਰ ਲਈ ਤਾਂਘ ਭੀ ਕੁਦਰਤੀ ਤੌਰ ਤੇ ਤੀਬਰ ਹੋਣ ਲੱਗ ਪਈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਪੂਰੇ ਜ਼ੋਰ ਨਾਲ ਗੁਰ-ਤਸਵੀਰ ਦੇ ਵਿਰੁੱਧ ਪਰਚਾਰ ਕੀਤਾ।.........

## ਗੁਰੂ ਦਾ ਸ਼ਬਦ ਹੀ ਗੁਰੂ ਦੀ ਤਸਵੀਰ—

ਜੇ ਗੁਰੂ ਦੇ ਸਰੀਰ ਦੀ ਤਸਵੀਰ ਬਨਾਣ ਦਾ ਮਾਮਲਾ ਭਾਈ ਗੁਰਦਾਸ ਜੀ ਦੇ ਵੇਲੇ ਨਾ ਛਿੜਦਾ, ਜੇ ਸਿੱਖਾਂ ਵਿਚ ਗੁਰ-ਤਸਵੀਰ ਦੀ ਤਾਂਘ ਭਾਈ ਗੁਰਦਾਸ ਜੀ ਨੂੰ ਵਧਦੀ ਨਾ ਜਾਪਦੀ, ਤਾਂ ਉਹਨਾਂ ਨੂੰ "ਗੁਰ-ਮੂਰਤਿ" ਬਾਰੇ ਮੁੜ ਮੁੜ ਨਾ ਆਖਣਾ ਪੈਂਦਾ ਕਿ "ਗੁਰ-ਮੂਰਤਿ ਗੁਰ-ਸਬਦੁ ਹੈ"। ਗੁਰ-ਤਸਵੀਰ ਦੀ ਵਿਰੋਧਤਾ ਉਹਨਾਂ ਇਸੇ ਵਾਸਤੇ ਕੀਤੀ ਕਿ ਇਹ ਕੰਮ ਗੁਰਮਤਿ ਦੇ ਵਿਰੁੱਧ ਸੀ। ਉਹਨਾਂ ਦੀ ਬਾਣੀ ਵਿਚੋਂ ਕੁਝ ਪ੍ਰਮਾਣ ਪਾਠਕਾਂ ਦੀ ਸੇਵਾ ਵਿਚ ਵੰਨਗੀ ਵਜੋਂ ਪੇਸ਼ ਕੀਤੇ ਜਾਂਦੇ ਹਨ :—

(੧) ਗੁਰਮੁਖਾਂ ਦੇ ਜੀਵਨ ਦਾ ਨਕਸ਼ਾ ਖਿੱਚਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗ਼ੈਰ-ਮਹਲ (ਲਾ-ਮਕਾਨ) ਪਰਮਾਤਮਾ ਵਿਚ ਤਦੋਂ ਹੀ ਜੁੜ ਸਕੀਦਾ ਹੈ ਜੇ ਮਨ ਨੂੰ ਵੱਸ ਵਿਚ ਰੱਖਿਆ ਜਾਏ। ਗੁਰਮੁਖ ਮਨੁੱਖ ਪਰਮਾਤਮਾ ਦੀ ਰਜ਼ਾ ਵਿਚ ਤੁਰਦੇ ਹਨ, ਪਰ ਇਸ ਗੱਲ ਦਾ ਵਿਖਾਵਾ ਨਹੀਂ ਕਰਦੇ; ਗੁਰੂ ਦੇ ਸਨਮੁਖ ਰਹਿ ਕੇ ਉੱਚ ਆਤਮਕ ਵਿਚਾਰ ਦੇ ਮਾਲਕ ਬਣਦੇ ਹਨ ਅਤੇ ਸਰੀਰਕ ਭੋਗਾਂ ਦੇ ਜਾਲ ਵਿਚ ਨਹੀਂ ਫਸਦੇ। ਗੁਰਮੁਖ ਜਾਣਦੇ ਹਨ ਕਿ ਸਾਧ ਸੰਗਤ ਨਿਰੰਕਾਰ ਦਾ ਆਸਣ ਹੈ, ਸਾਧ ਸੰਗਤ ਵਿਚ ਪਰਮਾਤਮਾ ਵੱਸਦਾ ਹੈ। ਗੁਰੂ ਦਾ ਸ਼ਬਦ ਹੀ ਗੁਰੂ ਦਾ ਅਸਲ ਸਰੂਪ ਹੈ—ਇਹ ਨਿਸਚਾ ਰੱਖਦੇ ਹੋਏ ਗੁਰਮੁਖ ਅੰਮ੍ਰਿਤ ਵੇਲੇ ਸਾਧ ਸੰਗਤ ਵਿਚ ਟਿਕ ਕੇ ਗੁਰੂ ਦੇ ਸ਼ਬਦ ਨੂੰ ਆਪਣੇ ਆਤਮਕ ਜੀਵਨ ਦੀ ਖ਼ੁਰਾਕ ਬਣਾਂਦੇ ਹਨ। ਸਦਾ ਇਹ ਘਾਲ-ਕਮਾਈ ਕਰਦੇ ਹੋਏ ਗੁਰਮੁਖ ਦੂਜਿਆਂ ਦੀ ਸੇਵਾ-ਭਲਾਈ ਵਿਚ ਤਤਪਰ ਰਹਿੰਦੇ ਹਨ।

ਇਕਤੁ ਨੁਕਤੈ ਹੋਇ ਜਾਇ, ਮਹਰਮੁ ਮੁਜਰਮੁ ਖ਼ੈਰਿ ਖ਼ੁਆਰੀ ॥
ਮਸਤਾਨੀ ਵਿਚਿ ਮਸਲਤੀ, ਗੈਰ-ਮਹਲਿ ਜਾਣਾ ਮਨੁ ਮਾਰੀ ॥
ਗੱਲ ਨ ਬਾਹਰਿ ਨਿਕਲੈ, ਹੁਕਮੀ ਬੰਦੇ ਕਾਰ ਕਰਾਰੀ ॥
ਗੁਰਮੁਖਿ ਸੁਖ ਫਲੁ ਪਿਰਮ ਰਸੁ, ਦੇਹ ਬਿਦੇਹ, ਵਡੇ ਵੀਚਾਰੀ ॥
**ਗੁਰ-ਮੂਰਤਿ ਗੁਰ-ਸਬਦੁ ਸੁਣਿ, ਸਾਧ ਸੰਗਤਿ ਆਸਣੁ ਨਿਰੰਕਾਰੀ ॥**



www.AKJ.Org

ਆਦਿ ਪੁਰਖ ਆਦੇਸੁ ਕਰਿ, ਅੰਮ੍ਰਿਤ ਵੇਲਾ ਸਬਦ-ਆਹਾਰੀ ॥
ਅਵਗਤ ਗਤਿ ਅਗਾਧ ਬੋਧ, ਅਕਥ ਕਥਾ ਅਸਗਾਹ ਅਪਾਰੀ ॥
ਸਹਨਿ ਅਵੱਟਣੁ ਪਰਉਪਕਾਰੀ ।੨। (੧੧/੨)

(੨) ਵਾਰ ਨੰ: ੨੪ ਦੀਆਂ ੨੫ ਪਉੜੀਆਂ ਹਨ । ਇਹਨਾਂ ੨੫ ਪਉੜੀਆਂ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰ ਕੇ ਗੁਰੂ ਹਰਿ ਗੋਬਿੰਦ ਸਾਹਿਬ ਤਕ ਹਰੇਕ ਗੁਰ-ਵਿਅੱਕਤੀ ਦੀ ਵਾਰੀ ਵਾਰੀ ਉਸਤਤ ਲਿਖੀ ਹੈ । ਪਉੜੀ ਨੰ: ੧੧ ਵਿਚ ਗੁਰੂ ਅਮਰਦਾਸ ਜੀ ਦੀ ਉਸਤਤ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਫੁੱਲਾਂ ਨਾਲ ਮਿਲ ਕੇ ਤੇਲ ਸੁਗੰਧੀ ਵਾਲਾ ਫੁਲੇਲ ਬਣ ਜਾਂਦਾ ਹੈ ਤਿਵੇਂ ਗੁਰੂ ਨੂੰ ਮਿਲ ਕੇ ਸਿੱਖ-(ਗੁਰੂ) ਅਮਰਦਾਸ ਜੀ ਉੱਚੇ ਆਤਮਕ ਜੀਵਨ ਦੀ ਸੁਗੰਧੀ ਵਾਲੇ ਬਣ ਗਏ । ਦੁਨੀਆ ਦੀ ਪਾਤਿਸ਼ਾਹੀ ਉਹਨਾਂ ਨੂੰ ਝੂਠੀ ਦਿੱਸਣ ਲੱਗ ਪਈ । ਗੁਰੂ ਦਾ ਸ਼ਬਦ ਹੀ ਉਹਨਾਂ ਵਾਸਤੇ ਗੁਰੂ ਦਾ ਸਹੀ ਸਰੂਪ ਸੀ, ਜਿਸ ਨੂੰ ਉਹ ਅੰਮ੍ਰਿਤ ਵੇਲੇ ਉੱਠ ਕੇ ਸਾਧ ਸੰਗਤ ਵਿਚ ਬੈਠ ਕੇ ਆਪਣੇ ਹਿਰਦੇ ਵਿਚ ਵਸਾਂਦੇ ਸਨ, ਅਤੇ ਸਦਾ ਹਰ ਵੇਲੇ ਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਬਿਤਾਂਦੇ । ਆਪ ਲਿਖਦੇ ਹਨ :–

ਤਿਲ ਮਿਲਿ ਫੁੱਲ ਅਮੁੱਲੁ ਜਿਉਂ, ਗੁਰ ਸਿੱਖ ਸੰਧਿ ਸੁਗੰਧਿ ਫੁਲੇਲਾ ॥
ਖਾਸਾ ਮਲਮਲ ਸਿਰੀਸਾਫ ਸ਼ਾਹ ਕਪਾਹ ਚਲਿਤ ਬਹੁ ਖੇਲਾ ॥
**ਗੁਰ-ਮੂਰਤਿ ਗੁਰ-ਸਬਦੁ ਹੈ, ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥**
ਦੁਨੀਆ ਕੂੜੀ ਸਾਹਿਬੀ, ਸਚੁ ਮਣੀ ਸਚ ਗਰਬਿ ਗਹੇਲਾ ॥
ਦੇਵੀ ਦੇਵ ਦੁੜਾਇਅਨੁ, ਜਿਉਂ ਮ੍ਰਿਗਾਵਲਿ ਦੇਖਿ ਬਘੇਲਾ ॥
ਹੁਕਮ ਰਜਾਈ ਚੱਲਣਾ, ਪਿੱਛੈ ਲੱਗੈ ਨੱਕਿ ਨਕੇਲਾ ॥
ਗੁਰਮੁਖਿ ਸਚਾ ਅਮਰੁ ਸੁਹੇਲਾ ॥੧੧। (੨੪/੧੧)

ਇਸੇ ਹੀ 'ਵਾਰ' ਦੀ ਅਖੀਰਲੀ ਪਉੜੀ ਨੰ: ੨੫ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ ਦਾ ਜ਼ਿਕਰ ਕਰ ਕੇ ਅਖ਼ੀਰ ਤੇ ਭਾਈ ਗੁਰਦਾਸ ਜੀ ਪਾਠਕ-ਸਿੱਖ ਨੂੰ ਸੁਚੇਤ ਕਰਦੇ ਹਨ ਕਿ ਇਹਨਾਂ ਦੇ ਸਰੀਰਕ ਆਕਾਰ ਵੱਖ ਵਖ ਵੇਖ ਕੇ ਕਿਤੇ ਟਪਲਾ ਨਾ ਖਾ ਜਾਣਾ । ਚੇਤੇ ਰੱਖਣਾ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਅਸਲ ਤਸਵੀਰ ਹੈ । ਆਪ ਲਿਖਦੇ ਹਨ :–

ਨਿਰੰਕਾਰੁ ਨਾਨਕੁ ਦੇਉ, ਨਿਰੰਕਾਰਿ ਆਕਾਰੁ ਬਣਾਇਆ ॥
ਗੁਰੁ ਅੰਗਦੁ ਗੁਰ ਅੰਗ ਤੇ, ਗੰਗਹੁ ਜਾਣੁ ਤਰੰਗੁ ਉਠਾਇਆ ॥
ਅਮਰਦਾਸੁ ਗੁਰੁ ਅੰਗਦਹੁ, ਜੋਤਿ-ਸਰੂਪੁ ਚਲਤੁ ਵਰਤਾਇਆ ॥
ਗੁਰ ਅਮਰਹੁ ਗੁਰੁ ਰਾਮਦਾਸੁ, ਅਨਹਦ ਨਾਦਹੁ ਸਬਦੁ ਸੁਣਾਇਆ ॥
ਰਾਮਦਾਸਹੁ ਅਰਜਨੁ ਗੁਰੂ, ਦਰਸਨੁ ਦਰਪਨ ਵਿਚਿ ਦਿਖਾਇਆ ॥
ਹਰਿ ਗੋਬਿੰਦੁ ਗੁਰੁ ਅਰਜਨਹੁ, ਗੁਰੁ ਗੋਵਿੰਦੁ ਨਾਉ ਸਦਵਾਇਆ ॥
**ਗੁਰ-ਮੂਰਤਿ ਗੁਰ-ਸਬਦੁ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ ॥**
ਪੈਰੀਂ ਪਾਇ ਜਗਤੁ ਤਰਾਇਆ ॥੨੫॥ (੨੪/੨੫)

(੩) 'ਵਾਰ' ਨੰ: ੩੨ ਦੀ ਦੂਜੀ ਪਉੜੀ ਵਿਚ ਭਾਈ ਗੁਰਦਾਸ ਜੀ ਗੁਰਮੁਖ ਸਿੱਖ ਦੇ ਲੱਛਣ ਦੱਸਦੇ ਹੋਏ ਆਖਦੇ ਹਨ ਕਿ ਗੁਰਮੁਖ ਦੀ ਸੁਰਤ ਸਦਾ ਗੁਰੂ-ਸ਼ਬਦ ਵਿਚ ਜੁੜੀ ਰਹਿੰਦੀ ਹੈ । ਆਪਣੇ ਮਨ ਦੀ ਰਾਹੀਂ, ਬਚਨਾਂ ਦੀ ਰਾਹੀਂ, ਕਰਮਾਂ ਦੀ ਰਾਹੀਂ ਉਹ ਸਦਾ ਪ੍ਰਭੂ-ਚਰਨਾਂ ਵਿਚ ਜੁੜਿਆ ਰਹਿੰਦਾ ਹੈ । ਉਹ ਬੜਬੋਲਾ ਨਹੀਂ ਹੁੰਦਾ, ਖਾਣ-ਪੀਣ ਦੇ ਚਸਕੇ ਵਿਚ ਨਹੀਂ ਫ਼ਸਦਾ । ਪਰ-ਤਨ, ਪਰ ਧਨ, ਪਰਾਈ ਨਿੰਦਾ ਦੇ ਵਿਕਾਰ ਤੋਂ ਗੁਰਸਿੱਖ ਬਚਿਆ ਰਹਿੰਦਾ ਹੈ । ਗੁਰਮੁਖ ਵਾਸਤੇ ਗੁਰੂ ਦਾ ਸ਼ਬਦ ਗੁਰੂ ਦੀ ਅਸਲ ਤਸਵੀਰ ਹੈ । ਆਪ ਲਿਖਦੇ ਹਨ :–


www.AKJ.Org

ਦ੍ਰਿਸਟਿ ਦਰਸ ਲਿਵ ਸਾਵਧਾਨੁ, ਸ਼ਬਦਿ ਸੁਰਤਿ ਚੇਤੰਨੁ ਸਿਆਣਾ ॥
ਨਾਮੁ ਦਾਨੁ ਇਸਨਾਨੁ ਦ੍ਰਿੜਿ, ਮਨ ਬਚ ਕਰਮ ਕਰੈ ਮੇਲਾਣਾ ॥
ਗੁਰਸਿਖੁ ਥੋੜਾ ਬੋਲਣਾ, ਥੋੜਾ ਪੀਵਣੁ ਥੋੜਾ ਖਾਣਾ ॥
ਪਰਤਨੁ ਪਰਧਨੁ ਪਰਹਰੈ, ਪਰਨਿੰਦਾ ਸੁਣਿ ਮਨਿ ਸ਼ਰਮਾਣਾ ॥
**ਗੁਰ-ਮੂਰਤਿ ਸਤਿਗੁਰ-ਸਬਦੁ, ਸਾਧ ਸੰਗਤਿ ਸਮਸਰਿ ਪਰਵਾਣਾ ॥**
ਇਕ-ਮਨਿ ਇੱਕੁ ਅਰਾਧਣਾ, ਦੁਤੀਆ ਨਾਸਤਿ, ਭਾਵੈ ਭਾਣਾ ॥
ਗੁਰਮੁਖਿ ਹੋਂਦੈ ਤਾਣਿ ਨਿਤਾਣਾ ॥੨। (੩੨/੨)

(੪) ਸਿਖ ਵਾਸਤੇ ਗੁਰੂ ਦਾ ਸ਼ਬਦ ਹੀ ਗੁਰੂ ਦੀ ਤਸਵੀਰ ਹੈ। ਇਹ ਇਕ ਐਸੀ ਮੂਰਤੀ ਹੈ ਜੋ ਹਰ ਵੇਲੇ ਹਿਰਦੇ ਵਿਚ ਟਿਕੀ ਰਹਿ ਸਕਦੀ ਹੈ। ਇਸ ਦਾ ਆਸ਼ਕ ਸੁਆਰਥ ਵਲੋਂ ਮਰ ਕੇ ਆਤਮਕ ਜੀਵਨ ਜੀਊਂਦਾ ਹੈ।

ਗੁਰ-ਮੂਰਤਿ ਕਰਿ ਧਿਆਨੁ, ਸਦਾ ਹਜ਼ੂਰਿ ਹੈ ॥
ਗੁਰਮੁਖ ਸ਼ਬਦ ਗਿਆਨੁ, ਨੇੜਿ, ਨ ਦੂਰਿ ਹੈ ॥ (੩/੧੦)
ਪੈਰੀ ਪੈ, ਪਾਖਾਕੁ, ਮੁਰੀਦੈ ਥੀਵਣਾ ॥
ਗੁਰ-ਮੂਰਤਿ ਮੁਸ਼ਤਾਕੁ, ਮਰਿ ਮਰਿ ਜੀਵਣਾ ॥ (੩/੧੯)

(੫) ਗੁਰੂ ਦੇ ਸ਼ਬਦ ਵਿੱਚ ਸੁਰਤ ਜੋੜ ਕੇ ਸਿੱਖ ਗੁਰੂ ਦਾ ਰੂਪ ਹੋ ਜਾਂਦਾ ਹੈ।

ਗੁਰਸਿੱਖਹੁ ਗੁਰਸਿੱਖੁ ਹੈ, ਪੀਰ ਪੀਰਹੁ ਕੋਈ ॥
ਸ਼ਬਦਿ ਸੁਰਤਿ ਚੇਲਾ 'ਗੁਰੂ' ਪਰਮੇਸਰੁ ਸੋਈ ॥
ਦਰਸਨ ਦਿਸਟਿ ਧਿਆਨੁ ਧਰਿ, ਗੁਰ-ਮੂਰਤਿ ਹੋਈ ॥ (੧੩/੨)

ਨੋਟ :–"ਗੁਰ-ਮੂਰਤਿ ਹੋਈ"–ਗੁਰੂ ਦੀ ਸਰੀਰਕ ਸ਼ਕਲ ਨਹੀਂ ਧਾਰਦਾ, ਗੁਰੂ ਦੇ ਆਤਮਕ ਜੀਵਨ ਨਾਲ ਇਕ-ਮਿਕ ਹੋ ਜਾਂਦਾ ਹੈ।

(੬) ਗੁਰੂ ਸੱਚਾ ਸ਼ਬਦ ਸੁਣਾਂਦਾ ਹੈ। ਇਹੀ ਸਿੱਖ ਵਾਸਤੇ 'ਮੰਤਰ' ਹੈ, ਇਹੀ ਗੁਰੂ ਦੀ ਤਸਵੀਰ ਹੈ। ਨਿਮਰਤਾ ਧਾਰ ਕੇ ਸਿੱਖ ਗੁਰੂ ਦੀ ਸ਼ਰਨ ਆਵੇ। ਗੁਰੂ ਤੋਂ ਬਿਨਾਂ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।

ਧਿਆਨੁ-ਮੂਲੁ ਮੂਰਤਿ ਗੁਰੂ, ਪੂਜ-ਮੂਲੁ ਗੁਰ-ਚਰਣ ਪੁਜਾਏ ॥
ਮੰਤ੍ਰ-ਮੂਲੁ ਗੁਰ-ਵਾਕੁ ਹੈ, ਸਚੁ ਸ਼ਬਦੁ ਸਤਿਗੁਰੂ ਸੁਣਾਏ ॥......
ਬਿਨੁ ਗੁਰ ਪੂਰੇ ਆਵੈ ਜਾਏ ॥੨੨॥ (੪੦/੨੨)

'ਗੁਰ-ਤਸਵੀਰ' ਤਸਵੀਰ-ਪੂਜਾ ਵਲ ਪ੍ਰੇਰਦੀ ਹੈ—

ਇਹ ਵੇਖ ਕੇ ਕਿ ਅੱਜ ਕਲ੍ਹ ਦਿਨੋ-ਦਿਨ ਸਿੱਖ-ਨੌਜੁਆਨ ਗੁਰਬਾਣੀ ਵਲੋਂ ਪਰੇ ਹੁੰਦੇ ਜਾ ਰਹੇ ਹਨ, ਪੰਥ ਦੇ ਹਿਤੈਸ਼ੀ ਆਗੂਆਂ ਨੇ ਕਦੇ ਕਦੇ ਇਹ ਅਵਾਜ਼ ਉਠਾਣੀ ਸ਼ੁਰੂ ਕਰ ਦਿੱਤੀ ਹੈ। ਕਿਤੇ ਕਿਤੇ ਇਹ ਵਿਚਾਰ ਭੀ ਚੱਲ ਪਏ ਹਨ ਕਿ ਕਿਵੇਂ ਇਹ ਵਧਦੀ ਅਸ਼ਰਧਾ ਰੁਕ ਸਕੇ। ਅਸ਼ਰਧਾ ਦੇ ਕਾਰਨ ਲੱਭਦਿਆਂ ਕਈ ਕਾਹਲੇ ਸੱਜਣ ਖ਼ਾਲਸਾ ਸਕੂਲਾਂ ਤੇ ਕਾਲਜਾਂ ਦੇ ਸਿੱਖ-ਅਧਿਆਪਕਾਂ ਉਤੇ ਵਰ੍ਹ ਰਹੇ ਹਨ। ਸ਼ਾਇਦ ਇਸੇ ਵਧ ਰਹੀ ਅਸ਼ਰਧਾ ਨੂੰ ਰੋਕਣ ਲਈ, ਜਾਂ, ਹੋਰ ਹੋਰ ਦੇਸ਼ਾਂ ਤੇ ਅਨਮਤਾਂ ਵਿਚ ਸਿੱਖ-ਧਰਮ ਅਤੇ ਸਿੱਖ-ਪੰਥ ਵਾਸਤੇ ਦਿਲਚਸਪੀ ਪੈਦਾ ਕਰਨ ਲਈ ਕੁਝ ਜ਼ਿਮੇਵਾਰ ਜੱਥੇਬੰਦੀਆਂ ਵਲੋਂ ਗੁਰੂ ਸਾਹਿਬਾਨ ਦੀਆਂ ਵਧੀਆ ਤਸਵੀਰਾਂ ਬਨਾਣ ਤੇ ਵਿਚਾਰ ਹੋ ਰਹੀ ਹੈ।

........ਕਿਸੇ ਜ਼ਿਮੇਂਵਾਰ ਜੱਥੇ ਨੂੰ ਇਹ ਕੰਮ ਹੱਥ ਵਿਚ ਲੈਣ ਤੋਂ ਪਹਿਲਾਂ ਇਹ ਨਿਰਨਾ ਕਰ ਲੈਣਾ ਚਾਹੀਦਾ ਹੈ ਕਿ ਕਿਤੇ ਇਹ ਉੱਦਮ ਸਿੱਖ-ਧਰਮ ਦੇ ਬੁਨਿਆਦੀ ਅਸੂਲਾਂ ਦੇ ਉਲਟ ਤਾਂ ਨਹੀਂ ਹੈ।

ਇਕ ਜ਼ਿਮੇਵਾਰ ਸੱਜਣ ਨੂੰ ਮੈਂ ਇਸ ਬਾਰੇ ਇਕ ਵਾਰੀ ਪੁੱਛਿਆ ਕਿ ਜੇ ਗੁਰ-ਮੂਰਤਿ ਦਾ ਖ਼ਿਆਲ ਮਨਮੱਤ ਨਹੀਂ ਹੈ ਤਾਂ ਭਾਈ ਗੁਰਦਾਸ ਜੀ ਨੇ ਇਸ ਦੀ ਇਤਨੀ ਵਿਰੋਧਤਾ ਕਿਉਂ ਕੀਤੀ ? ਅਗੋਂ ਉਹਨਾਂ ਜੋ ਉੱਤਰ ਦਿੱਤਾ,


www.AKJ.Org

ਉਹ ਅਚਰਜ ਢਹਿੰਦੀ ਕਲਾ ਪਰਗਟ ਕਰਦਾ ਹੈ। ਕਹਿਣ ਲੱਗੇ ਕਿ ਤਸਵੀਰਾਂ ਬਣ ਤਾਂ ਰਹੀਆਂ ਹੀ ਹਨ, ਅਸੀਂ ਇਹਨਾਂ ਨੂੰ ਰੋਕ ਨਹੀਂ ਸਕੇ, ਰੋਕ ਨਹੀਂ ਸਕਦੇ। ਫਿਰ ਕਿਉਂ ਨਾ ਵਧੀਆ ਤਸਵੀਰਾਂ ਬਣਾਈਆਂ ਜਾਣ ?

ਇਸ ਵੇਲੇ ਪੰਥ ਦੇ ਤਿੰਨ ਉੱਘੇ ਜ਼ਿਮੇਵਾਰ ਜੱਥੇ ਹਨ—ਚੀਫ਼ ਖ਼ਾਲਸਾ ਦੀਵਾਨ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ। ਕੀ ਕਦੇ ਇਹਨਾਂ ਜੱਥਿਆਂ ਨੇ ਗੁਰ-ਤਸਵੀਰ ਦੇ ਵਿਰੁਧ ਕੋਈ ਫ਼ੈਸਲਾ ਕੀਤਾ ਹੈ ? ਅਤੇ ਉਹ ਫ਼ੈਸਲਾ ਅਖ਼ਬਾਰਾਂ ਤੇ ਪਰਚਾਰਕਾਂ ਦੀ ਰਾਹੀਂ ਸਿੱਖ-ਜਨਤਾ ਦੇ ਸਾਹਮਣੇ ਲਿਆਂਦਾ ਹੈ ? ਫਿਰ ਇਹ ਕਿਵੇਂ ਸਾਬਤ ਹੋ ਗਿਆ ਕਿ ਅਸੀਂ ਇਸ ਮਨਮੱਤ ਨੂੰ ਰੋਕ ਨਹੀਂ ਸਕੇ ?

ਪਰ ਕੀ ਜਿਸ ਜਿਸ ਵਧ ਰਹੀ ਮਨਮੱਤ ਨੂੰ ਰੋਕਣਾ ਸਾਡੇ ਲਈ ਔਖਾ ਹੁੰਦਾ ਜਾਏਗਾ, ਉਸ ਅੱਗੇ ਹਥਿਆਰ ਸੁਟ ਕੇ ਉਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਗੁਰਮਤਿ ਵਿਚ ਪਰਵਾਨ ਕਰੀ ਜਾਵਾਂਗੇ ? ਕੌਣ ਨਹੀਂ ਜਾਣਦਾ ਕਿ ਰਾਜਸੀ ਚੋਣਾਂ ਵੇਲੇ ਰਿਸ਼ਵਤ ਤੇ ਸ਼ਰਾਬ ਦੇ ਹੜ ਚੱਲ ਪੈਂਦੇ ਹਨ ? ਇਹ ਚੋਣਾਂ ਹਰ ਪੰਜ ਸਾਲ ਪਿਛੋਂ ਹੁੰਦੀਆਂ ਹਨ। ਜਿਨ੍ਹਾਂ ਪਾਸ ਧਨ ਹੈ ਉਹਨਾਂ ਪਰਚੀਆਂ ਖ਼ਰੀਦਣੋਂ ਕਦੇ ਹਟਣਾ ਨਹੀਂ। ਕੀ ਫਿਰ ਰਿਸ਼ਵਤ ਤੇ ਸ਼ਰਾਬ ਨੂੰ ਅਸਾਂ ਕਿਸੇ ਵੇਲੇ ਧਰਮ ਦਾ ਹਿੱਸਾ ਮੰਨ ਲੈਣਾ ਹੈ ?

ਜਦੋਂ ਅਸਾਂ ਇੱਕ ਵਾਰੀ ਗੁਰ-ਤਸਵੀਰ ਨੂੰ ਗੁਰਮਤਿ ਦੀ ਲੜੀ ਵਿਚ ਪ੍ਰੋ ਲਿਆ, ਤਾਂ ਇਸ ਪੈਂਤੜੇ ਤੋਂ ਐਸੇ ਐਸੇ ਖ਼ਤਰਨਾਕ ਧਰਮ-ਵਿਰੋਧੀ ਸਿੱਟੇ ਨਿਕਲਣਗੇ, ਜਿਨ੍ਹਾਂ ਦਾ ਟਾਕਰਾ ਕਰਨਾ ਸਾਡੇ ਵੱਸ ਦੀ ਗੱਲ ਨਹੀਂ ਰਹੇਗੀ। ਤਸਵੀਰ-ਪੂਜਾ ਤਾਂ ਹੁਣੇ ਹੀ ਸ਼ੁਰੂ ਹੋ ਚੁਕੀ ਹੋਈ ਹੈ। ਘਰਾਂ ਦੀ ਗੱਲ ਲਾਂਭੇ ਰਹਿਣ ਦਿਉ, ਗੁਰਦੁਆਰਿਆਂ ਵਿਚ ਹੀ ਤਸਵੀਰ-ਪੂਜਾ ਖੁਲ੍ਹਮ-ਖੁਲ੍ਹਾ ਹੋ ਰਹੀ ਹੈ। ਜਿਹੜੇ ਸੱਜਣ ਇਹ ਆਖਦੇ ਹਨ ਕਿ ਕੋਮਲ ਹੁਨਰ ਦੀ ਉੱਨਤੀ ਦੀ ਖ਼ਾਤਰ ਗੁਰ-ਤਸਵੀਰ ਜ਼ਰੂਰ ਚਾਹੀਦੀ ਹੈ, ਤੇ ਜੇ ਤਸਵੀਰ-ਪੂਜਾ ਚਲਾਉਣ ਦਾ ਖ਼ਤਰਾ ਪੈਦਾ ਹੋਇਆ ਤਾਂ ਅਸੀਂ ਇਸ ਦੇ ਵਿਰੁਧ ਪਰਚਾਰ ਕਰ ਕੇ ਇਸ ਨੂੰ ਰੋਕਾਂਗੇ, ਕੀ ਉਹਨਾਂ ਅਜੇ ਤਕ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਤਸਵੀਰ-ਪੂਜਾ ਹੁੰਦੀ ਨਹੀਂ ਵੇਖੀ ? ਤਾਂ ਫਿਰ ਉਹਨਾਂ ਨੂੰ ਇਹ ਚੀਜ਼ ਕਦੇ ਭੀ ਨਹੀਂ ਦਿੱਸਣੀ।

ਪਰ ਸਵਾਲ ਤਾਂ ਇਹ ਹੈ ਕਿ ਇਸ ਮਨਮੱਤ ਨੂੰ ਪੰਥਕ ਪਰਵਾਨਗੀ ਦਿੱਤੀ ਹੀ ਕਿਉਂ ਜਾਏ ?

[ਸਫ਼ਾ ੨੬ ਦੀ ਬਾਕੀ]

ਮਨੁਖਤਾ ਨੂੰ ਰਿਣੀ ਬਣਾ ਕੇ ਜਿਤ ਲਇਆ। ਤਿਵੇਂ ਹੀ ਗੁਰੂ ਤੇਗ ਬਹਾਦਰ ਨੇ ਕੀਤਾ।

ਗੁਰੂ ਹਰਿ ਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਬਾਬੇ ਦਾ ਰੂਪ ਹੋਏ ਤੇ ਸ਼ੁਭ ਕਰਮਨ ਦੇ ਲਈ ਜ਼ੁਲਮ ਦੀਆਂ ਤਾਕਤਾਂ ਨਾਲ ਲੋਹਾ ਲੈ ਕੇ ਮਨੁਖੀ ਸੁਤੰਤਰਤਾ, ਗੈਰਤ, ਸਤਿਕਾਰ, ਧਰਮ ਦੀ ਵਿਜੈ ਕੀਤੀ। ਗੁਰੂ ਗੋਬਿੰਦ ਸਿੰਘ ਨੇ ਆਪਣਾ ਸਭ ਕੁਝ ਮਨੁਖਤਾ ਤੋਂ ਨਿਛਾਵਰ ਕੀਤਾ ਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸ਼ਬਦ ਸਿਖਾਇਆ। ਸਭ ਗੁਰੂ ਬਾਬੇ ਦਾ ਰੂਪ ਸਨ। ਇਹ ਬਾਬਾ ਨਾਨਕ ਹੀ ਵਿਚਰ ਰਹਿਆ ਸੀ, ਜਿਸ ਨੇ ਮਨ ਜਿੱਤ ਕੇ ਜਗ ਜਿਤਿਆ ਸੀ।

ਬਾਬਾ ਹੁਣ ਵੀ ਸਾਡੇ ਨਾਲ ਹੈ ਤੇ ਮਨੁਖਤਾ ਦਾ ਕਲਿਆਨ ਕਰ ਰਹਿਆ ਹੈ। ਉਸ ਦੀ ਵਿਜੈ ਸਦਾ ਸਥਿਰ ਹੈ। ਗੁਰੂ ਗ੍ਰੰਥ ਬਾਬੇ ਨਾਨਕ ਦਾ ਹਿਰਦਾ ਹੈ, ਤੇ ਗੁਰੂ ਗ੍ਰੰਥ ਮਾਨਵ-ਕਲਿਆਨ ਲਈ ਗਾਈ ਜਾ ਰਿਹਾ ਹੈ—

(ੳ) ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੩॥੩॥ (੧੩)

(ਅ) ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ (ਸੋਹਿਲਾ, ਪੰਨਾ ੧੨)

ਨਾਲ ਸੁਰ ਰਲ ਰਹੀ ਹੈ ਕਬੀਰ ਜੀ ਦੀ—

(ੲ) ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥੧॥੩॥ (੧੩੪੯)



www.AKJ.Org

# ਗੁਰੂ ਬਾਬਾ ਤੇ 'ਮਨਿ ਜੀਤੈ' ਦਾ ਸਿਧਾਂਤ

[ਡਾਕਟਰ ਤਾਰਨ ਸਿੰਘ ਜੀ]

ਜਗ ਨੂੰ ਜਿਤਣਾ ਕੀ ਹੁੰਦਾ ਹੈ ?—ਪਰਤੱਖ ਹੀ ਹੈ ਕਿ ਜਗ ਦੇ ਜਿਤਣ ਦਾ ਭਾਵ ਸੈਨਿਕ ਜਿੱਤ ਤੋਂ ਤੇ ਨਹੀਂ ਹੈ; ਇਹ ਤਾਂ ਆਤਮਕ ਜਿੱਤ ਹੈ, ਸਿਧਾਂਤਾਂ ਦੀ ਜਿੱਤ ਹੈ। ਭਾਵ, ਗੁਰੂ ਬਾਬੇ ਨੇ ਆਪਣੇ ਆਪ ਨੂੰ ਜਿਤਿਆ, ਤੇ ਇਸ ਤਰ੍ਹਾਂ ਸਾਰੇ ਜਗ ਦੇ ਸਤਿਕਾਰ, ਪਿਆਰ ਤੇ ਵਿਚਾਰ ਨੂੰ ਜਿਤ ਲਿਆ। ਆਪ ਨੇ ਆਪਣੇ ਮਨ ਨੂੰ ਵਸ ਕੀਤਾ ਤੇ ਸਾਰਾ ਜਗਤ ਆਪ ਦੀ ਆਤਮ-ਵਿਜੈ ਨੂੰ ਦੇਖ ਕੇ ਆਪ ਦੇ ਵਿਚਾਰਾਂ ਦਾ ਕਾਇਲ ਹੋਇਆ, ਆਪ ਨੂੰ ਆਦਰ ਸਤਿਕਾਰ ਦੇਣ ਲਗਾ, ਆਪ ਨੂੰ ਪਿਆਰ ਕਰਨ ਲਗਾ। ਗੁਰੂ ਬਾਬੇ ਨੇ ਜਗ ਦੇ ਲੋਕਾਂ ਦੀ ਆਤਮਾ, ਮਨ ਤੇ ਦਿਮਾਗ ਨੂੰ ਜਿਤ ਲਿਆ।......

ਬਾਬਾ ਨਾਨਕ ਨੇ ਮਨ ਜਿਤਿਆ ਤੇ ਮਾਨਵ-ਸੇਵਾ ਵਿਚ ਲਗ ਪਇਆ। ਉਸਨੇ ਇਤਨੀ ਸੇਵਾ ਕੀਤੀ ਕਿ ਉਸ ਨੇ ਮਾਨਵਤਾ ਨੂੰ ਜਿਤ ਲਇਆ। ਮਾਨਵਤਾ ਨੇ ਪਿਆਰ ਕੀਤਾ, ਮਾਨਵਤਾ ਨੇ ਉਸ ਦੇ ਵਿਚਾਰ ਮੰਨੇ, ਮਾਨਵਤਾ ਨੇ ਉਸ ਦੇ ਸਿਧਾਂਤ ਅਪਣਾਏ, ਮਾਨਵਤਾ ਉਸ ਦੇ ਰਾਹ ਤੇ ਤੁਰੀ, ਉਸ ਦੇ ਪਿਛੇ ਲਗੀ, ਇਹ "ਜਗੁ ਜੀਤੁ" ਹੈ।

(੧) ਬਾਬਾ ਪਾਠਸ਼ਾਲਾ, ਮਦਰਸੇ ਗਇਆ ਅਤੇ ਪੁਛਿਆ ਕਿ ਅਸਲ ਵਿਦਿਆ ਕਿਹੜੀ ਹੈ, ਜਿਸ ਦੁਆਰਾ ਸਚਾਈ ਦਾ ਪਤਾ ਲਗਦਾ ਹੈ, ਜੀਵਨ-ਜਾਚ ਆਉਂਦੀ ਹੈ ਤੇ ਮਨੁੱਖ ਪ੍ਰਭੂ-ਦਰਸ਼ਨ ਵਿਚ ਸੁਰਖ਼ਰੂ ਹੁੰਦਾ ਹੈ। ਗੁਰੂ ਬਾਬੇ ਨੇ ਆਪ ਦਸਿਆ ਕਿ ਅਸਲ ਵਿਦਿਆ ਇਹ ਹੈ ਅਤੇ ਸਾਰੀ ਮਨੁਖਤਾ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਤਸਲੀਮ ਕੀਤਾ। ਇਹ ਦਿਗ-ਵਿਜੈ ਹੈ। ਬਾਬੇ ਅਨੁਸਾਰ ਪੜ੍ਹਨ ਯੋਗ ਇਹ ਹੈ—

(ੳ) ਸਸੈ ਸੋਇ ਸ੍ਰਿਸਟਿ ਜਿਨਿ ਸਾਜੀ, ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ, ਆਇਆ ਤਿਨ੍ ਕਾ ਸਫਲੁ ਭਇਆ ॥੧॥ (੪੩੨)

(ਅ) ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ॥੨੧॥ (੪੩੩)

(੨) ਗੁਰੂ ਬਾਬੇ ਨੇ ਭੁਖੇ ਸਾਧ ਦੇਖੇ, ਪਿਤਾ ਵਲੋਂ ਵਪਾਰ ਲਈ ਮਿਲੇ ੨੦ ਰੁਪਏ ਉਹਨਾਂ ਨੂੰ ਖਵਾ ਦਿਤੇ। ਆਪ ਚਪੇੜਾਂ ਖਾ ਲਈਆਂ। ਬਸ, ਇਹੋ ਜਗ ਨੂੰ ਜਿਤੰਣ ਦੀ ਵਿਧੀ ਹੈ।

(੩) ਬਾਬੇ ਨੇ ਕਹਿਆ, ਮੈਨੂੰ ਜਨੇਊ ਪਾ ਦਿਓ, ਜਿਹੜਾ ਸਦਾ ਮੇਰੇ ਅੰਗ ਸੰਗ ਰਹੇ ਤੇ ਜਿਸ ਦਾ ਰੂਪ ਇਹ ਹੋਵੇ-

ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ ॥੧॥੧੫॥ (੪੭੧)

ਲੋਕਾਂ ਨੇ ਇਹ ਮੰਨ ਲਇਆ। ਬਾਬੇ ਨੇ ਮਨੁੱਖਤਾ ਜਿਤ ਲਈ।

ਬਾਬਾ ਇਵੇਂ ਹੀ ਕਈ ਕੀਮਤਾਂ ਤੇ ਰਸਮਾਂ ਦਾ ਸੁਮੇਲ ਕਰਦਾ ਗਇਆ ਤੇ ਜੁਗ ਪ੍ਰੀਵਰਤਨ ਕਰਦਾ ਗਇਆ। ਉਸ ਨੇ ਨਵਾਂ ਧਰਮ ਦੇ ਦਿਤਾ...। ਬਾਬੇ ਨੇ ਸਲੋਕ ਗਾਇਆ—

(ੳ) ਸਭੋ ਸੂਤਕੁ ਭਰਮੁ ਹੈ, ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ, ਦਿਤੋਨੁ ਰਿਜਕੁ ਸੰਬਾਹਿ ॥੩॥੧੮॥ (੪੭੨)

(ਅ) ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥੨॥੧੯॥ (੪੭੩)

ਤੇ ਬਾਬੇ ਨੇ ਇਸਤ੍ਰੀ ਜਾਤੀ ਦੀ ਕਲਿਆਨ ਕਰ ਦਿਤੀ।



www.AKJ.Org

(੪) ਸੱਜਣ ਠੱਗ ਨੇ ਲੋਕਾਂ ਨੂੰ ਮਾਰ ਖਾਧਾ ਸੀ। ਲੋਕਾਈ ਦੀ ਕਲਿਆਨ ਲਈ ਬਾਬਾ ਆਪਣੀ ਜਾਨ ਖ਼ਤਰੇ ਵਿਚ ਪਾ ਕੇ, ਉਸ ਠੱਗ ਦੇ ਘਰ ਹੀ ਜਾ ਰਾਤ ਕਟਦਾ ਹੈ। ਪਰ ਜਿੱਤ ਉਸ ਦੀ ਹੋਣੀ ਸੀ, ਸੱਚ ਉਸ ਪਾਸ ਹੈ ਸੀ ਤੇ ਆਪਣਾ ਆਪ, ਆਪਣਾ ਮਨ ਉਸ ਨੇ ਜਿਤਿਆ ਹੋਇਆ ਸੀ, ਉਸ ਦੇ ਇਕ ਅਲਾਪ ਨਾਲ ਹੀ ਸੱਜਣ ਨੂੰ ਠੱਗੀ ਭੁਲ ਗਈ। ਬਾਬੇ ਦਾ ਅਲਾਪ ਸੀ–

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍ ॥੧॥ਰਹਾਉ॥ (੭੨੯)

ਸੱਜਣ ਇਹ ਬੋਲ ਸੁਣ ਕੇ ਡਿਗ ਪਇਆ। ਭਲਾ ਮਨੁੱਖ ਬਣਿਆ। ਕਿੰਨੀ ਮਨੁੱਖਤਾ ਕਤਲ ਹੋਣ ਤੇ ਲੁਟੇ ਜਾਣ ਤੋਂ ਬਚੀ, ਬਾਬੇ ਦੇ ਕ੍ਰਿਸ਼ਮੇ ਨੇ ਜਗ ਨੂੰ ਜਿੱਤ ਲਇਆ।

(੫) ਬਾਬਾ ਹਰਦੁਆਰ ਦੇ ਮੇਲੇ ਤੇ ਪੁਜਾ। ਲੋਕਾਂ ਨੂੰ ਅਗਿਆਨਤਾ ਵਿਚੋਂ ਕਢਿਆ ਤੇ ਦਸਿਆ ਕਿ ਸਾਡੀ ਕਲਿਆਣ ਖੇਤਾਂ ਨੂੰ ਪਾਣੀ ਦੇਣ ਵਿਚ ਹੈ, ਮਿਹਨਤ ਕਰ ਕੇ ਫ਼ਸਲ ਪੈਦਾ ਕਰਨ ਵਿਚ ਹੈ, ਸੋਚ ਕੇ ਰਸਮਾਂ ਨੂੰ ਪਰਖਣ ਵਿਚ ਹੈ। ਲੋਕ ਹੈਰਾਨ ਹੋਏ, ਲੋਕ ਬਾਬੇ ਦੀ ਗੱਲ ਮੰਨ ਟੁਰੇ।

ਪਰ ਬਾਬੇ ਨੇ ਇਹ ਨਾਟਕ ਆਪਣੀ ਜਾਨ ਦਾ ਖ਼ਤਰਾ ਮੁਲ ਲੈ ਕੇ ਖੇਡਿਆ। ਇਵੇਂ ਹੀ ਉਸ ਨੇ ਕੁਰਕੁਸ਼ੇਤਰ ਦੇ ਮੇਲੇ ਵਿਚ ਮਾਸ-ਚਰਚਾ ਕਰ ਕੇ ਦਸਿਆ ਕਿ ਸੱਚ, ਧਰਮ, ਨਿਆਂ ਲਈ ਹਿੰਸਾ-ਅਹਿੰਸਾ ਬਹਿਸ ਨਿਰਮੂਲ ਹੈ। ਮਾਸ ਹਿੰਸਾ ਦਾ ਸੂਚਕ ਹੈ। ਪਰ ਧਰਮ ਨਿਆਂ ਲਈ ਜੇ ਹਿੰਸਾ ਕਰਨੀ ਪਵੇ ਤਾਂ ਹਰਜ ਨਹੀਂ ਹੈ। ਕੁਰਕੁਸ਼ੇਤਰ ਵਿਚੋਂ ਹੀ ਕ੍ਰਿਸ਼ਨ ਜੀ ਨੇ ਗੀਤਾ ਦੇ ਗਾਇਨ ਦੁਆਰਾ ਇਹੋ ਉਪਦੇਸ਼ ਦਿਤਾ ਸੀ।

(੬) ਬਾਬਾ ਸਾਰਾ ਜੀਵਨ ਵੰਗਾਰਦਾ ਰਿਹਾ ਕਿ 'ਪ੍ਰਭੂ-ਪ੍ਰੇਮ' ਸਿਰ ਤਲੀ ਤੇ ਰਖ ਕੇ ਮਨੁਖਤਾ ਦੀ ਸੇਵਾ ਹੈ। ਪ੍ਰਭੂ-ਪ੍ਰੇਮ ਮਨੁਖਤਾ ਨੂੰ ਐਸੀਆਂ ਬੇਬਸੀਆਂ ਤੋਂ ਕਢਣਾ ਹੈ, ਜਿਥੇ ਡਰ, ਧੱਕੇ ਕਰਕੇ ਉਹ ਆਪਣੇ ਧਰਮ, ਸਭਿਆਚਾਰ ਨੂੰ ਤਿਆਗਣ ਤੇ ਮਜਬੂਰ ਹੋ ਗਏ ਸਨ।

(ੳ) ਗਊ ਬਿਰਾਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨਾ ਜਾਈ ॥
ਧੋਤੀ ਟਿਕਾ ਤੈ ਜਪਮਾਲੀ, ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ, ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ ॥੧॥੧੬॥ (੪੭੧)

(ਅ) ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥੨॥੧੬॥ (੪੭੨)

(੭) ਗੁਰੂ ਬਾਬਾ ਜਾਦੂਗਰਾਂ ਨੂੰ ਜਾ ਮਿਲਿਆ। ਉਹਨਾਂ ਨੂੰ ਸਹੀ ਜਾਦੂ ਸਿਖਾਇਆ। ਉਹ ਜਾਦੂ ਇਹ ਸੀ–

ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ, ਬਾਹਰੁ ਕਿਆ ਢੂਢੇਹਿ ॥
ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ, ਜਾ ਸਹੁ ਧਰੇ ਪਿਆਰੋ ॥੧॥

ਰਾਕਸ਼ਾਂ ਨੂੰ ਵੀ ਮਨੁਖਤਾ ਦੇ ਭਲੇ ਲਈ ਸੋਧਿਆ।

(੮) ਮਨੁਖ਼ਤਾ ਦੀ ਕਲਿਆਨ ਲਈ ਜਾ ਸੁਮੇਰ ਤੇ ਚੜ੍ਹੇ ਤੇ ਸਿਧਾਂ-ਜੋਗੀਆਂ ਨੂੰ ਵੰਗਾਰਿਆ ਕਿ "ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ ਕਉ ਪਾਰਿ ਉਤਾਰਾ"*। ਸਿਧਾਂ ਨੂੰ ਕਹਿਆ ਕਿ ਆਉ ਰਲ ਕੇ ਲੋਕ-ਨਿਸਤਾਰੇ ਦਾ ਕੰਮ ਕਰੀਏ। "ਬਾਬੇ ਆਖਿਆ ਨਾਥ ਜੀ ! ਸਚੁ ਚੰਦ੍ਰਮਾ ਕੂੜੁ ਅੰਧਾਰਾ। ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜਿਆ ਸੰਸਾਰਾ।"* ਸਿਧਾਂ ਨੂੰ ਹੀ ਤੇ ਕਹਿ ਰਹੇ ਹਨ ਕਿ ਤੁਸੀਂ 'ਮਨ ਨੂੰ ਜਿੱਤ

* ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੯



www.AKJ.Org

ਕੇ ਜਗ ਨੂੰ ਜਿਤੋ'।

(੯) ਗੁਰੂ ਬਾਬਾ ਮੱਕੇ, ਮਦੀਨੇ ਤੇ ਬਗਦਾਦ ਪੁਜਾ। ਕਈ ਨਾਟਕ ਖੇਡੇ, ਜਿਨ੍ਹਾਂ ਵਿਚ ਬੜਾ ਖ਼ਤਰਾ ਸੀ। ਉਥੇ ਪੁਜਣਾ ਵੀ ਬੜਾ ਕਠਨ ਸੀ–ਸੱਚੀ ਨਿਮਾਜ਼ ਦਸੀ, ਸੱਚੀ ਮੁਸਲਮਾਨੀ ਦੱਸੀ, ਸੱਚੀ ਮਸੀਤ ਦਸੀ। ਇਸਲਾਮੀ ਦੁਨੀਆ ਨੇ ਸਚਾਈ ਨੂੰ ਸੁਣਿਆ ਤੇ ਮੰਨਿਆ।

ਬਾਬਾ ਪੀਰ ਤੇ ਫ਼ਕੀਰ ਹੋਇਆ। ਬਾਬੇ ਨੇ ਕਹਿਆ–

ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ ॥
ਪਹਿਲਾ ਸਚੁ, ਹਲਾਲ ਦੁਇ, ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥੬॥੭॥ (੧੪੧)

ਬਾਬਾ ਫਿਰ ਬੋਲਿਆ–

ਮਿਹਰ ਮਸੀਤਿ, ਸਿਦਕੁ ਮੁਸਲਾ, ਹਕ ਹਲਾਲੁ ਕੁਰਾਣੁ ॥
ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ ॥
ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ, ਨਾਨਕ ਰਖੈ ਲਾਜ ॥੧॥੭॥ (੧੪੦-੪੧)

(੧੦) ਬਾਬਰ ਨੇ ਪਾਪ ਦੀ ਜੰਞ ਲੈ ਕੇ ਭਾਰਤ ਤੇ ਹੱਲਾ ਕੀਤਾ, ਬੜਾ ਧੱਕਾ ਕੀਤਾ, ਜ਼ੁਲਮ ਹੋਇਆ। ਬਾਬਾ ਜ਼ਾਲਮ ਦੇ ਸਾਹਮਣੇ ਡਟ ਖਲੋਤਾ, ਮਜ਼ਲੂਮ ਭਾਰਤ ਦੀ ਆਵਾਜ਼ ਬਣ ਕੇ ਸੱਚ ਸੁਨਾਣ ਲਗਾ। ਉਸ ਵੇਲੇ ਬਾਬਾ ਮਜ਼ਲੂਮਾਂ ਦਾ ਪ੍ਰਤੀਨਿਧ ਸੀ ਤੇ ਖ਼ੂਨ ਦੇ ਸੋਹਿਲੇ ਗਾ ਰਿਹਾ ਸੀ। ਮਜ਼ਲੂਮਾਂ ਵਿਚ ਹਿੰਦੂ-ਮੁਸਲਮ ਸਭ ਸਨ। ਬਾਬੇ ਦੀ ਅਵਾਜ਼ ਵਿਚ ਸਿੰਘ ਦੀ ਗਰਜ ਸੀ–

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥੧॥ (੭੨੨)

ਇਹਨਾਂ ਵਿਚਾਰਾਂ, ਸਿਧਾਂਤਾਂ, ਪਿਆਰਾਂ ਨਾਲ ਬਾਬੇ ਨੇ ਸਾਰੀ ਮਨੁਖਤਾ ਦਾ ਦਿਲ ਜਿਤ ਲਇਆ, ਇਹ ਜਗਤ ਨੂੰ ਜਿਤਣਾ ਸੀ। ਪਰ ਇਸ ਲਈ ਉਸ ਨੂੰ ਆਪਣਾ ਸੁਖ ਤਿਆਗ ਕੇ ਰੇਤ, ਅੱਕ ਦਾ ਅਹਾਰ ਕਰਨਾ ਪਇਆ, ਰੋੜਾਂ ਦੀ ਵਿਛਾਈ ਤੇ ਸੌਣਾ ਪਇਆ, ਭਾਰੀ ਤਪੱਸਿਆ ਕਰਨੀ ਪਈ। ਇਹੋ ਆਪਣਾ ਆਪ ਗਵਾਣਾ ਜਾਂ ਮਨ ਦਾ ਜਿਤਣਾ ਸੀ। ਫਿਰ ਬਾਬਾ ਕਰਤਾਰਪੁਰ ਆ ਕੇ ਅਸਥਿਤ ਹੋ ਗਇਆ। ਹਿੰਦੂ-ਮੁਸਲਮਾਨ ਉਸ ਪਾਸ ਢੁਕਣ ਲਗੇ। ਉਸ ਦੇ ਜੋਤੀ ਜੋਤਿ ਸਮਾਣ ਤੀਕ ਦੋਵੇਂ ਧਿਰਾਂ, ਸਾਰੀ ਮਨੁਖਤਾ ਉਸ ਦੀ ਮੁਰੀਦ ਸੀ। ਬਾਬਾ ਗੁਰੂ ਸੀ, ਬਾਬਾ ਪੀਰ ਸੀ। ਇਹ ਬਾਬੇ ਦੀ ਦਿਗ ਵਿਜੈ ਸੀ।

ਫਿਰ ਭਾਈ ਲਹਿਣੇ ਨੇ ਆਪਣਾ ਮਨ ਜਿਤਿਆ, ਆਪਣਾ ਸਭ ਕੁਝ ਛਡਿਆ, ਉਹ ਬਾਬੇ ਦੀ ਸੇਵਾ ਵਿਚ ਹੋ ਗਇਆ। ਉਸ ਨੇ ਬਾਬੇ ਨੂੰ ਜਿਤਿਆ, ਬਾਬੇ ਦਾ ਪਿਆਰ ਜਿਤਿਆ। ਬਾਬੇ ਨੇ ਮਨੁਖਤਾ ਦਾ ਭਾਰ ਉਸ ਦੇ ਮੋਢਿਆਂ ਤੇ ਰਖ ਦਿਤਾ। ਭਾਈ ਲਹਿਣਾ ਅੰਗਦ ਬਣ ਗਿਆ ਤੇ ਆਪਣਾ ਆਪ ਮਾਨਵ-ਸੇਵਾ ਵਿਚ ਲਗਾ ਦਿਤਾ। ਫਿਰ ਜੋਤਿ ਤੋਂ ਜੋਤਿ ਜਗਣ ਲਗੀ ਤੇ ਅੱਠ ਅੰਗਦ ਹੋਰ ਹੋਏ। ਉਨ੍ਹਾਂ ਨੇ ਸੇਵਾ ਕੀਤੀ ਗੁਰੂ ਦੀ, ਮਨੁਖਤਾ ਦੀ, ਰੱਬ ਦੀ ਸੇਵਾ ਕੀਤੀ ਤੇ ਜਗਤ ਨੂੰ ਜਿਤਿਆ। ਗੁਰੂ ਅਮਰ ਦਾਸ, ਗੁਰੂ ਰਾਮਦਾਸ ਨੇ ਸੇਵਾ ਕੀਤੀ, ਬਾਬੇ ਨਾਨਕ ਦਾ ਰੂਪ ਬਣੇ ਤੇਂ ਦਿਗ ਵਿਜੈ ਪ੍ਰਾਪਤ ਕੀਤੀ। ਗੁਰੂ ਅਰਜਨ ਵੀ ਬਾਬੇ ਦਾ ਰੂਪ ਹੋਇਆ, ਮਾਨਵੀ ਧਰਮ ਦੀ ਆਜ਼ਾਦੀ ਲਈ ਆਪਣਾ ਬਲੀਦਾਨ ਦੇ ਦਿਤਾ ਤੇ ਸਾਰੀ

[ਬਾਕੀ ਦੇਖੋ ਸਫ਼ਾ ੨੩ ਦੇ ਹੇਠ]



www.AKJ.Org

# ਸਿੱਖ ਧਰਮ ਦੀ ਆਧਾਰ-ਭੂਮੀ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿਲੀ ਸਿਖ ਗੁ: ਪ੍ਰ: ਕਮੇਟੀ]

ਗੁਰੂ ਸਾਹਿਬਾਂ ਜਿਹੜਾ 'ਸਿੱਖ ਧਰਮ' ਤੇ 'ਸਿੱਖ ਪੰਥ' ਸਾਜਿਆ ਹੈ, ਉਸ ਦੀ ਆਧਾਰ-ਭੂਮੀ ਚੂੰਕਿ ਸਾਰੀ ਦੀ ਸਾਰੀ ਸੱਚ, ਸਿਮਰਨ, ਸੰਗਤਿ, ਸੇਵਾ ਤੇ ਸਾਹਸ ਵਾਲੀ ਹੈ, ਇਸ ਕਰਕੇ ਇਸ 'ਧਰਮ' ਤੇ 'ਪੰਥ' ਨੂੰ ਵਾਹਿਗੁਰੂ ਦਾ ਆਪਣਾ ਧਰਮ ਤੇ ਪੰਥ ਆਖਿਆ ਜਾ ਸਕਦਾ ਹੈ। ਵਾਹਿਗੁਰੂ ਦੇ 'ਧਰਮ ਤੇ ਪੰਥ' ਵਿਚ 'ਸੱਚ' ਦੀ ਪ੍ਰਧਾਨਤਾ ਹੈ ਤੇ ਕੂੜ ਦਾ ਤ੍ਰਿਸਕਾਰ ਹੈ। ਗੁਰੂ ਸਾਹਿਬਾਂ ਦੇ ਧਰਮ ਤੇ ਪੰਥ ਵਿਚ ਜਿੰਨਾ ਜ਼ੋਰ ਸੱਚ ਬੋਲਣ, ਸੱਚ ਦਾ ਕਰਤੱਵ ਕਰਨ ਤੇ ਸੱਚ ਉਤੇ ਭਰਪੂਰ ਪਹਿਰਾ ਦੇਣ ਉਤੇ ਦਿਤਾ ਗਿਆ ਹੈ, ਇੰਨਾ ਜ਼ੋਰ ਕੂੜ ਨੂੰ ਤ੍ਰਿਸਕਾਰਨ ਉਤੇ ਨਹੀਂ ਦਿੱਤਾ ਗਿਆ। ਇਸ ਦਾ ਮਨੋਵਿਗਿਆਨਕ ਕਾਰਨ ਇਹ ਜਾਪਦਾ ਹੈ ਕਿ ਗੁਰੂ ਸਾਹਿਬ ਮਨੁੱਖ ਨੂੰ ਜੀਵਨ ਦੇ ਸਰਬ ਪੱਧਰਾਂ ਉਤੇ ਆਦਰਸ਼ਕ, ਉਸਾਰੂ ਤੇ ਸਚਿਆਰ ਵੇਖਣਾ ਚਾਹੁੰਦੇ ਹਨ। ਕਿਉਂਕਿ ਉਹਨਾਂ ਦਾ ਦ੍ਰਿੜ੍ਹ ਵਿਸ਼ਵਾਸ ਬਣ ਗਿਆ ਜਾਪਦਾ ਹੈ ਕਿ ਜਿਹੜਾ ਮਨੁਖ ਆਦਰਸ਼ਕ, ਉਸਾਰੂ ਤੇ ਸਚਿਆਰ ਬਿਰਤੀਆਂ ਦਾ ਧਾਰਨੀ ਬਣ ਗਿਆ ਹੈ, ਉਸ ਦੀ ਅੰਤਰ-ਆਤਮਾ ਵਿਚੋਂ ਕੂੜ ਅਤੇ ਕੂੜ-ਪੱਖੀ ਕੀਮਤਾਂ ਸੁਤੇ ਸਿਧ ਹੀ ਘਟ ਜਾਣਗੀਆਂ। ਇਸ ਕਰਕੇ ਗੁਰੂ-ਜੋਤਿ ਦਾ ਕਰਤੱਵ 'ਕਰਤਾਰੀ' ਜ਼ਿਆਦਾ ਹੈ। 'ਸਿਮਰਨ' ਵੀ ਉਹਨਾਂ ਦੇ ਕਰਤਾਰੀ ਕਰਤੱਵ ਦਾ ਹੀ ਇਕ ਹਿੱਸਾ ਹੈ।

'ਸਿਮਰਨ' ਮਨੁਖ ਨੂੰ ਆਦਰਸ਼ਕ, ਉਸਾਰੂ ਤੇ ਸਚਿਆਰ-ਪ੍ਰਭੂ-ਇਸ਼ਟ ਨਾਲ ਵੀ ਜੋੜਦਾ ਹੈ ਤੇ ਪ੍ਰਭੂ-ਹੁਕਮ ਨੂੰ ਬੁਝਣ ਵਾਸਤੇ ਵੀ ਤਿਆਰ ਕਰਦਾ ਹੈ। ਪ੍ਰਭੂ-ਹੁਕਮ ਨੂੰ ਬੁਝਣ ਵਾਸਤੇ ਪਹਿਲਾਂ ਜ਼ਰੂਰੀ ਹੈ ਕਿ ਪ੍ਰਭੂ-ਵਿਆਪਕਤਾ, ਪ੍ਰਭੂ-ਖੇਡ ਤੇ ਪ੍ਰਭੂ-ਕਿਰਦਾਰ ਨੂੰ ਆਤਮ-ਪੱਧਰ ਉਤੇ ਮਾਨਿਆ ਜਾਏ। ਫਿਰ ਮਾਣਨ ਵਾਸਤੇ ਜ਼ਰੂਰੀ ਹੈ ਕਿ 'ਹਉਮੈ' ਨੂੰ ਤੱਜ ਕੇ, ਉਸ ਨਾਲ ਆਪਣੇ ਆਪ ਨੂੰ ਇਕ-ਸੁਰ ਕੀਤਾ ਜਾਏ। ਇਕਸੁਰਤਾ ਕਰਨ ਨਾਲ ਹੀ ਦਵੈਤ ਭਾਵ ਮੁਕਦਾ ਹੈ, ਅਦਵੈਤ ਤੇ ਏਕਤਾ ਦੀ ਭਾਵਨਾ ਸਾਕਾਰ ਹੁੰਦੀ ਹੈ। ਅਦਵੈਤ ਤੇ ਏਕਤਾ ਦੀ ਭਾਵਨਾ ਨੂੰ ਪੈਦਾ ਕਰਨਾ ਹੀ 'ਸਿਮਰਨ' ਦਾ ਮੁਖ ਕਰਤੱਵ ਹੁੰਦਾ ਹੈ। 'ਸੰਗਤਿ' ਤੇ 'ਸੇਵਾ' ਸਿੱਖ ਧਰਮ ਤੇ ਸਿੱਖ ਪੰਥ ਦੇ ਦੋ ਅਜਿਹੇ ਤੱਤਵ ਹਨ ਜਿਹੜੇ'ਅਦਵੈਤ ਤੇ ਏਕਤਾ' ਦੀ ਭਾਵਨਾ ਨੂੰ ਉਭਾਰਨ ਵਿਚ 'ਸਿਮਰਨ' ਦੇ ਨਿਕਟਵਰਤੀ ਸਹਿਯੋਗੀ ਵੀ ਬਣਦੇ ਹਨ।

'ਸਿਮਰਨ' ਭਾਵੇਂ ਵਿਅਕਤੀਗਤ ਪੱਧਰ ਉਤੇ ਵੀ ਕੀਤਾ ਜਾ ਸਕਦਾ ਹੈ, ਪਰ ਗੁਰੂ ਸ਼ਖ਼ਸੀਅਤਾਂ ਨੇ 'ਸੰਗਤਿ' ਵਿਚ ਜੁੜ ਕੇ, ਸਿਮਰਨ ਕਰਨ ਨੂੰ ਜ਼ਿਆਦਾ ਤਰਜੀਹ ਦਿਤੀ ਹੈ, ਕਿਉਂਕਿ ਨਾਮ-ਸਿਮਰਨ ਵਿਚ ਜੁੜੀ ਸੰਗਤਿ ਵਿਚ ਪ੍ਰਭੂ ਦਾ ਵਾਸ ਹੁੰਦਾ ਹੈ। ਇਸ ਕਰਕੇ ਸੰਗਤਿ ਵਿਚ ਜੁੜ ਕੇ ਸਿਮਰਨ-ਫਲ ਨੂੰ ਬਿਨਾਂ ਕਿਸੇ ਤਪ-ਤਪੱਸਿਆ ਦੇ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। 'ਸਿਮਰਨ ਸੰਗਤਿ' ਮਨੁੱਖ ਨੂੰ ਜੋਤਿ-ਸਰੂਪ ਦਾ ਅਹਿਸਾਸ ਕਰਵਾ ਕੇ, ਆਪਣਾ 'ਮੂਲ' ਪਛਾਣਨ ਵਾਸਤੇ ਵੀ ਉਤੇਜਿਤ ਕਰਦੇ ਹਨ।

ਮਨੁੱਖ ਦੇ ਮੂਲ ਦਾ ਮੁਖ ਲੱਛਣ 'ਸੇਵਾ' ਭਾਵੇਂ ਕਈ ਤਰ੍ਹਾਂ ਦੀ ਹੋ ਸਕਦੀ ਹੈ, ਪਰ 'ਮਾਨਵ-ਸੇਵਾ' ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਗੁਰੂ ਪਾਤਿਸ਼ਾਹ ਆਖਦੇ ਹਨ, ਕਿ 'ਸੇਵਾ' ਕਰਨ ਨਾਲ ਹੀ ਨਿਹਕਾਮੀ (ਕਾਮਨਾ ਰਹਿਤ) ਬਣਿਆ ਜਾ ਸਕਦਾ ਹੈ ਤੇ 'ਨਿਹਕਾਮੀ' ਹੀ ਸੁਆਮੀ-ਪ੍ਰਭੂ ਨੂੰ ਪ੍ਰਾਪਤ ਕਰਨ ਦੇ ਸਮਰੱਥ ਹੈ।

ਜਿਸ ਦੇ ਸੁਭਾ ਵਿਚ ਨਿੰਮ੍ਰਤਾ ਤੇ ਮਿਠਾਸ ਹੈ, ਜਿਸ ਦੇ ਹਿਰਦੇ ਵਿਚ ਕਾਮ, ਕਰੋਧ, ਲੋਭ, ਮੋਹ ਤੇ ਹਉਮੈ ਦਾ ਤਿਆਗ ਹੈ, ਜਿਸ ਦੇ ਬੋਲ ਵਿਚ 'ਸ਼ਬਦ' ਦਾ ਆਧਾਰ ਹੈ, ਜਿਸ ਦੇ ਕਰਤੱਵ ਵਿਚ ਪ੍ਰਭੂ ਦਾ ਦ੍ਰਿੜ੍ਹ ਵਿਸ਼ਵਾਸ ਹੈ, ਉਹ ਮਨੁੱਖ ਭਰਪੂਰ ਸਾਹਸ ਵਾਲਾ ਵੀ ਹੁੰਦਾ ਹੈ। 'ਸਾਹਸ ਤੇ ਸੂਰਮਗਤੀ' ਹਮੇਸ਼ਾ ਉਸ ਮਨੁੱਖ ਵਿਚ ਹੁੰਦੇ ਹਨ, ਜਿਹੜਾ ਭਉ, ਭਰਮ ਤੇ ਪਾਪ-ਬਿਰਤੀ ਤੋਂ ਸੁਤੰਤਰ ਹੁੰਦਾ ਹੈ; ਨਾ ਆਪ ਡਰਦਾ ਹੈ, ਨਾ ਕਿਸੇ ਨੂੰ ਡਰਾਂਦਾ ਹੈ; ਨਾ ਆਪ ਭਰਮਦਾ ਹੈ, ਨਾ ਕਿਸੇ ਨੂੰ ਭਰਮਾਂਦਾ ਹੈ; ਨਾ ਆਪ 'ਪਾਪ' ਕਰਦਾ ਹੈ ਅਤੇ ਨਾ ਹੀ ਕਿਸੇ ਪਾਪੀ ਦੇ ਪਾਪ ਉਤੇ ਪਰਦਾ ਪਾਉਂਦਾ ਹੈ।

ਗੁਰੂ ਸਾਹਿਬਾਂ ਨੇ ਜਿਸ ਨੂੰ 'ਸਿੱਖ' ਤੇ 'ਸਿੰਘ' ਆਖਿਆ ਹੈ, ਉਹ ਤਾਂ ਹੀ ਸਿੱਖ ਤੇ ਸਿੰਘ ਹੈ, ਜੇ ਉਹ 'ਧਰਮ' ਤੇ 'ਪੰਥ' ਦੇ ਮੂਰਤੀਮਾਨ ਕੀਤੇ ਜ਼ਬਤ (ਮਰਯਾਦਾ) ਤੇ ਕਿਰਿਆ-ਕਾਰਜ ਅਨੁਸਾਰ ਆਪਣੇ ਜੀਵਨ ਵਿਚ ਵਿਚਰਦਾ ਹੋਇਆ, ਆਤਮਕ ਮੌਜ ਤੇ ਅੰਮ੍ਰਿਤ ਆਭਾ ਨੂੰ ਪ੍ਰਾਪਤ ਕਰ ਲੈਂਦਾ ਹੈ।



www.AKJ.Org

# 'ਸਨਮੁਖੁ ਸਿਖੁ' ਭਾਈ ਸਨਮੁਖ ਸਿੰਘ ਜੀ

[ਗਿਆਨੀ ਜਸਵੰਤ ਸਿੰਘ ਜੀ ਬੀ.ਏ.ਬੀ.ਟੀ., ਅੰਮ੍ਰਿਤਸਰ]

ਪਿਛਲੇ ਸੂਰੇ ਵਿਚ ਇਸ ਗੁਰਮੁਖਿ ਪਿਆਰੇ, ਗੁਰੂ ਸੰਵਾਰੇ, ਗੁਰੂ ਦੁਲਾਰੇ ਵੀਰਨ ਦੀ ਚੜ੍ਹਾਈ ਪੜ੍ਹ ਕੇ ਤਰੰਗ ਆਈ ਕਿ ਆਪ ਜੀ ਦੇ ਜੀਵਨ ਬਾਰੇ ਕੁਝ ਤਿਲ-ਫੁਲ ਮਾਤ੍ਰ ਭੇਟ ਕਰੀਏ। ਸੋ ਗੁਰਸਿਖ ਪਿਆਰਿਆਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਟੁੱਟੇ-ਫੁਟੇ ਸ਼ਬਦਾਂ ਵਿਚ ਦਾਸਰਾ ਸੰਗਤ ਦੇ ਚਰਨਾਂ ਵਿਚ ਅਰਪਨ ਕਰ ਰਿਹਾ ਹੈ। ਪ੍ਰਵਾਣ ਪਏ ਤਾਂ ਧੰਨ ਭਾਗ ! ਲੇਖ ਵਿਚ ਆਏ 'ਦਾਸ' 'ਦਾਸਰੇ' ਦੇ ਸ਼ਬਦ ਇਸ ਸੇਵਕ ਪ੍ਰਤੀ ਨਹੀਂ, ਵਾਕਫ਼ੀਅਤ ਦੇਣਹਾਰੇ ਵੀਰਨ ਪ੍ਰਤੀ ਹਨ।

ਭਾਈ ਸਾਹਿਬ ਉਨ੍ਹਾਂ ਵਿਰਲੇ ਵਿਰਲੀਸ਼ਰਾਂ ਵਿਚੋਂ ਸਨ, ਜੋ ਆਪਣੇ ਨਾਂ ਨੂੰ ਸਫਲਾ ਸੁਹੇਲਾ ਕਰਦੇ ਹਨ। ਤੀਜੇ ਪਾਤਸ਼ਾਹ ਜੀ ਦੀ 'ਅਨੰਦੁ' ਬਾਣੀ ਦੀ ਇਹ ਇਕੀਵੀਂ ਪਉੜੀ ਆਪ ਜੀ ਪਰਥਾਇ ਵਾਹ ਵਾਹ ਢੁਕਦੀ ਹੈ.—

> ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥ ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥ ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥ ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥ ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥ (੯੧੯)

ਆਪ ਜੀ ਬੜੀ ਬਾਂਕੀ, ਬੀਰ, ਅਲਬੇਲੀ ਅਤੇ ਆਲੀਸ਼ਾਨ ਤਬੀਅਤ ਦੇ ਮਾਲਕ ਸਨ। ਖਿਚ-ਭਰੀ, ਖਰੀ ਖਰੀ, ਖੁਲ੍ਹੀ-ਖਲਾਸੀ, ਖਮ-ਰਹਿਤ ਗੁਰੂ ਵਿਗਾਸੀ, ਨਕੋ ਨਕ ਨੇਕ, ਫਿਰ ਗਹਿਰ-ਗੰਭੀਰ ਸ਼ਖਸੀਅਤ ਸੀ। ਗੁਰਮਤਿ ਗੁਣਾਂ ਦੇ ਧਾਰਨ ਵਿਚ ਸਿਰੜ ਪ੍ਰਬਲ ਸੀ। ਇਕ ਮਾਤਾ ਨੇ ਵੇਖਿਆ, ਕਹਿਣ ਲਗੀ ਕਿ ਕੌਣ ਆਪਣੀ ਲੜਕੀ ਇਸ ਮਸਤ ਮਲੰਗ ਦਰਵੇਸ਼ ਦੇ ਲੜ ਲਾਏਗਾ ? ਦਿਨ ਆਇਆ ਕਿ ਉਹੀ ਮਾਤਾ ਆਪਣੀ ਸਪੁੱਤਰੀ 'ਅਜੈਬ ਕੌਰ' ਦਾ ਸ਼ਗਨ ਲੈ ਆਈ। ਸੰਜੋਗਾਂ ਨੇ ਅਜਬ ਕਰ ਵਿਖਾਈ।

ਗੁਰੂ-ਪਿਆਰ ਵਿਚ ਗੜੂੰਦ ਸਦਾ ਪਰਉਪਕਾਰ ਹੀ ਚਿਤਵਦੇ ਸਨ। ਮਨੁੱਖ ਤਾਂ ਕੀ, ਹਰ ਜੀਵ-ਜੰਤੂ ਬਲਕਿ ਕੁਦਰਤ ਦੀ ਹਰ ਵਸਤੂ ਪ੍ਰਤੀ ਅਦਬ ਦੀ ਭਾਵਨਾ ਰਖਣ ਵਾਲੇ ਕੋਮਲ ਹਿਰਦੇ ਵਾਲੇ ਗੁਰਸਿਖ ਸਨ।

ਪਿਛਲੇਰੇ ਕਿਸੇ ਨਾਨਕ-ਨਿਰੰਕਾਰੀ ਪੁਰਬ ਦੇ ਸਮਾਗਮ ਦੀ ਬਾਤ ਹੈ। ਰੈਣ ਸਬਾਈ ਦਾ ਵੇਲਾ ਆਰੰਭਲਾ ਹੈ। ਦਾਸਰਾ ਅਤਿ-ਭਿੰਨੀ ਦਰਸ ਹੁਲਾਸੀ ਆਸ ਵਿਚ ਉਡੀਣਾ ਖਲਾ ਹੈ। ਭਾਈ ਸਾਹਿਬ ਦਾ ਚਿਹਰਾ ਨਜ਼ਰੀਂ ਪੈਂਦਾ ਹੈ। ਨਿਰਗੁਣੀਆਰੇ ਦਾਸਰੇ ਵਲ ਤਕੇਂਦੇ ਪਰਤੀਤ ਹੁੰਦੇ ਹਨ, ਰਾਹ ਵਿਚ ਵਿਛਾਈਆਂ ਅੱਖਾਂ ਅਗੋਂ ਬਚਨ ਕਰ ਕੇ ਲੰਘ ਜਾਂਦੇ ਹਨ, ''ਅੱਗੇ ਵੀ ਇੰਤਜ਼ਾਰ ਹੋ ਰਹੀ ਹੈ, ਪਹਿਲਾਂ ਪੂਜਯ ਪੁਰਸ਼ਾਂ ਦੀ ਹਾਜ਼ਰੀ ਭਰ ਲਈਏ !''

ਇਹ ਸਾਡੀ ਪਰਮ ਪੂਜਯ ਸ਼ਖਸੀਅਤ ਗੁਰਮੁਖਿ ਪਿਆਰੇ ਬਾਊ ਮੱਲ ਸਿੰਘ ਜੀ ਸਨ।

ਰੂਹਾਨੀ ਸਲਤਨਤ ਦੇ ਮਹਾਂ ਰਾਜੇ ਅਤੇ ਇਕ ਰਾਜੇ ਦੇ ਅਜੀਬ ਮੇਲ ਹੋ ਚੁਕੇ ਤਾਂ ਬਚਨ ਹੋਏ, ''ਓਏ ਸਨਮੁਖ ਸਿੰਘ ਸਰਬਲੋਹੀਏ ! ਤੈਨੂੰ ਦਵਾਈ ਵੀ ਸਰਬ-ਲੋਹ ਦੀ ਚਾਹੀਦੀ ਹੈ ?''

ਗੁਰਮੁਖ ਪਿਆਰੇ, ਮਹਾਂ ਪੁਰਸ਼ਾਂ ਸਾਹਵੇਂ ਕੋਈ ਉਤਰ ਨਹੀਂ ਦੇਂਦੇ। ਜੁੜੇ ਹੱਥਾਂ ਅਤੇ ਜੁੜੇ ਨੇਤਰਾਂ ਨਾਲ ਖੜੇ ਸਨ ਕਿ ਮੋਢਿਆਂ ਤੋਂ ਝੂਣ ਹਲੂਣ ਕੇ ਸ੍ਰੀ ਬਾਊ ਜੀ ਨੇ ਇਉਂ ਕਰ ਕੇ ਕਿਹਾ, ''ਓਏ ! ਦਵਾਈ ਤਾਂ ਵਰਤ ਲਿਆ ਕਰ। ਤੈਨੂੰ ਪੰਜਾਂ ਪਿਆਰਿਆਂ ਤੋਂ ਬਖਸ਼ਵਾ ਦਿਆਂਗੇ। ਚਲ ਹੁਣੇ ਹੀ ਲੈ ਚਲੀਏ।''

ਓਵੇਂ ਕਿਵੇਂ ਦੀ ਹਾਲਤ ਵਿਚ ਭਾਈ ਸਾਹਿਬ ਬੋਲੇ, ''ਇਹ ਬਿਬੇਕ ਵੀ ਤਾਂ ਆਪ ਦੀ ਹੀ ਮਹਾਨ ਬਖਸ਼ਸ਼ ਹੈ।''

ਪਤਾ ਨਹੀਂ, ਇਹ ਬਚਨ ਸੀ ਕਿ ਬਾਣ ? ਬਾਊ ਜੀ ਦੇ ਹਿਰਦੇ ਨੂੰ ਵੇਧ ਗਿਆ, ਅੱਧ ਮੀਟੇ ਨੇਤਰਾਂ ਨਾਲ ਆਪਣੇ ਕਰ-ਕਮਲਾਂ ਨੂੰ ਭਾਈ ਸਾਹਿਬ ਦੇ ਪੈਰਾਂ ਵਲ ਵਧਾਇਓ ਨੇ। ਭਾਈ ਸਾਹਿਬ ਯਕ-ਦਮ ਝਬਕੇ, ਹੱਥ ਪਕੜ ਲਏ। ਬਾਊ ਜੀ ਨੇ ਗੁਰਮੁਖ ਪਿਆਰੇ ਪਿਆਰ-ਗਲਵਕੜੀ ਵਿਚ ਜਕੜ ਲਏ ਅਤੇ ਪੁਕਾਰ ਉਠੇ, ''ਧੰਨ ਸਿੱਖੀ !



www.AKJ.Org

ਧੰਨ ਬਿਬੇਕ !! ਧੰਨ ਬਿਬੇਕੀ !!!"

ਕਮਾਲ ਦੇ ਗੁਰਸਿਖ ਸਨ ! ਪਿਛਲ ਰਾਤ ਇਕ ਵਜੇ ਤੋਂ ਪਹਿਲਾਂ ਹੀ ਸਾਵਧਾਨ ਹੋ ਜਾਂਦੇ, ਨਿਤਪ੍ਰਤਿ-ਬਿਨਾ ਨਾਗਾ। ਜੇ ਕਿਸੇ ਪ੍ਰੇਮੀ ਨੇ ਬਚਨ-ਬਿਲਾਸ ਕਰਦਿਆਂ ਬਾਰਾਂ ਵਜ੍ਹਾ ਦੇਣੇ ਤਾਂ ਫਿਰ ਅੜਿੰਗ ਬੜਿੰਗ ਨਹੀਂ ਹੋਣਾ। ਅੰਮ੍ਰਿਤ-ਵੇਲੇ ਦਾ ਨਿਤਨੇਮ ਸੰਪੂਰਨ ਕਰ ਕੇ ਹੀ ਬਿਸਰਾਮ ਕਰਨ ਵਿਚ ਤ੍ਰਿਪਤ ਹੋਂਦੇ ਸਨ।

ਕਿਰਤ ਦੀ ਸੁਚਤਾ ਨੂੰ ਮੁੱਖ ਰਖ ਕੇ ਜਲੰਧਰ ਤੋਂ ਜਬਲਪੁਰ ਜਾ ਡੇਰੇ ਲਾਏ। ਇਲਾਕੇ ਵਿਚ ਚੋਰੀਆਂ ਚਕਾਰੀਆਂ ਦਾ ਜ਼ੋਰ ਸੀ। ਸਿੰਘਣੀ ਨੇ ਡਰ ਪ੍ਰਗਟਾਣਾ ਤਾਂ ਅਗੋਂ ਕਹਿਣਾ, "ਸਾਥੋਂ ਕਿਸੇ ਨੇ ਕੀ ਲਿਜਾਣਾ ਹੈ ? ਚੋਰਾਂ ਜਾਂ ਹੋਰਾਂ ਨੂੰ ਇਥੋਂ ਮਿਲਣਾ ਹੀ ਕੀ ਹੈ ?"

ਇਕ ਰਾਤ ਚੋਰ ਪੈ ਹੀ ਗਏ। ਜੋ ਉਨ੍ਹਾਂ ਦੇ ਹੱਥ ਲਗਾ, ਲੈ ਨੱਠੇ। ਸੁਭਾਗ ਦੰਪਤੀ ਨੂੰ ਜਾਗ ਆਈ। ਭਾਈ ਸਾਹਿਬ ਨੇ ਪਿਛਾ ਕੀਤਾ, ਰਾਹ ਵਿਚ ਹਾਰਮੋਨੀਅਮ ਵਾਜਾ, ਆਪਣੀ ਬੱਚੀ ਦਾ ਸਕੂਲੀ ਬਕਸਾ, ਇਕ ਟਰੰਕ ਖਿਲਰੇ ਪੁਲਰੇ ਕਪੜਿਆਂ ਸਹਿਤ ਵੇਖਿਆ। ਸਾਰਾ ਸਾਮਾਨ ਇਕੱਠਾ ਕਰ ਕੇ ਸਿੰਘਣੀ ਅੱਗੇ ਪੇਸ਼ ਕਰਦੇ ਹੋਏ ਕਹਿਣ ਲੱਗੇ, "ਚੋਰ ਇਹ ਸਭ ਕੁਝ ਬੇ-ਲੋੜਾ ਸਮਝ ਕੇ ਇਥੇ ਹੀ ਛੱਡ ਗਏ ਨੇ।" ਬੀਬੀ ਜੀ ਬੋਲੇ, "ਆਪ ਜੀ ਪਾਸੋਂ ਲੁਕਾ ਕੇ ਰੱਖੇ ਦੋ ਕੀਮਤੀ ਸੂਟ ਤੇ ਇੱਕ ਗੁੱਟ-ਘੜੀ ਗਾਇਬ ਹਨ, ਜੋ ਮੈਨੂੰ ਪੇਕਿਆਂ ਵਾਲੇ ਪਾਸਿਓਂ ਪ੍ਰਾਪਤ ਹੋਏ ਸਨ ਅਤੇ ਤੁਹਾਥੋਂ ਚੋਰੀ ਰਖੇ ਸਨ। ਉਹੋ ਹੀ ਗਏ ਹਨ, ਹੋਰ ਕੁਝ ਨਹੀਂ ਗਿਆ।" ਭਾਈ ਸਾਹਿਬ ਨੇ ਮੁਸਕਰਾਉਂ-ਦਿਆਂ ਕਿਹਾ, "ਚੋਰਾਂ ਨੇ ਤਾਂ ਆਪਣਾ (ਚੋਰੀ ਦਾ) ਮਾਲ ਹੀ ਖੜਿਆ ਹੈ, ਸਾਡਾ ਕੁਝ ਨਹੀਂ।"

(ਨੋਟ :—ਭਾਈ ਸਾਹਿਬ ਹੁਰਾਂ ਦੇ ਸਹੁਰੇ ਪਰਵਾਰ ਵਿਚੋਂ ਫਿਲਮਾਂ ਵਿਚ ਵੀ ਕੰਮ ਕਰਨ ਵਾਲੇ ਵਿਅਕਤੀ ਸਨ, ਜਿਨ੍ਹਾਂ ਦੀ ਕਮਾਈ ਆਪਣੇ ਘਰ ਆਈ ਭਾਈ ਸਾਹਿਬ ਚੰਗੀ ਨਹੀਂ ਸੀ ਸਮਝਦੇ।)

ਭਾਈ ਸਾਹਿਬ ਇਕ ਸੁਚੱਜੇ ਇੰਜੀਨੀਅਰ ਵੀ ਸਨ। ਬੰਬਈ ਵਿਚ ਕੁਝ ਕੁ ਫਰਮਾਂ ਵਿਚ ਕੰਮ ਕਰ ਕੇ ਆਪ ਨੇ ਫਰਮਾਂ ਦੇ ਅੰਗਰੇਜ਼ ਮਾਲਕਾਂ ਨੂੰ ਦੰਗ ਕਰ ਦਿਤਾ। ਪ੍ਰਸੰਨਤਾ ਵਿਚ ਪ੍ਰਸੰਸਾ-ਪੱਤਰ ਆਪੂੰ ਹੀ, ਬਿਨਾਂ ਭਾਈ ਸਾਹਿਬ ਵਲੋਂ ਮੰਗਣ ਦੇ, ਦਿਤੇ ਗਏ, ਜਿਨ੍ਹਾਂ ਵਿਚ ਤਕੜੀ ਯਾਚਨਾ, ਗੋਰਿਆਂ ਨੇ ਆਪਣੇ ਦੇਸ਼ ਵਿਚ ਆਣ ਕੇ ਉਨ੍ਹਾਂ ਦੀਆਂ ਸਦੀਵੀ ਸੇਵਾਵਾਂ ਦੀ ਪ੍ਰਾਪਤੀ ਲਈ ਕੀਤੀ। ਜਦ ਭਾਈ ਸਾਹਿਬ ਹੁਰਾਂ ਆਪਣੀ ਅਸਮੱਰਥਾ ਪ੍ਰਗਟ ਕੀਤੀ, ਤਾਂ ਵੀ ੧੯੪੭ ਵਿਚ ਇਸ ਦੇਸ਼ ਵਿਚੋਂ ਜਾਂਦੇ ਜਾਂਦੇ ਇਕ ਬਾ-ਰਸੂਖ ਸੀਨੀਅਰ ਅਫਸਰ ਨੇ ਉਨ੍ਹਾਂ ਦੀ ਪ੍ਰਬੀਨਤਾ ਦੀ ਪ੍ਰਸੰਸਾ ਦਾ ਉਲੇਖ ਕਰਦਿਆਂ ਦਰਜ ਕੀਤਾ ਕਿ ਉਹ ਜਦੋਂ ਵੀ ਇੰਗਲੈਂਡ ਆ ਕੇ ਸੇਵਾ ਕਰਨੀ ਚਾਹੁਣ ਤਾਂ ਉਨ੍ਹਾਂ ਦੀ ਸਰਕਾਰ ਜਾਂ ਦੇਸ਼ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਦਰਜੇ ਵਾਲਾ ਅਸਥਾਨ ਦਿਤਾ ਜਾਏਗਾ।

ਜਦੋਂ ਦਾਸਰੇ ਨੇ ਉਨ੍ਹਾਂ ਤੋਂ ਮਾਨ-ਮਰਤਬੇ ਵਾਲੀ ਪੋਸਟ ਅਪ੍ਰਵਾਨ ਕਰਨ ਦਾ ਕਾਰਨ ਪੁਛਿਆ ਤਾਂ ਕਹਿਣ ਲਗੇ, "ਏਤਨੀ ਸਿਗਰਟ-ਨੋਸ਼ੀ ਦਾ ਵਾਤਾਵਰਣ ਹੈ ਐਸ ਵੇਲੇ ਓਥੇ ਕਿ ਇੱਕ ਗੁਰੂ ਕੇ ਸਿਖ ਦਾ ਬਿਬੇਕ ਅੰਦਰ ਵਿਚਰ ਸਕਣਾ ਮੁਸ਼ਕਲ ਹੈ। ਫਿਰ ਸਤਿ ਸੰਗਤ ਤੋਂ ਵਿਰਵਿਆਂ ਰਹਿਣਾ ਪੈਣਾ ਸੀ।"

ਭਾਵੇਂ ਭਾਈ ਸਾਹਿਬ ਆਪਣੀ ਲਾਈਨ ਵਿਚ ਬਹੁਤ ਪ੍ਰਬੀਨ ਸਨ ਅਤੇ ਆਦਰ ਮਾਣ ਅਤੇ ਤਕੜੀ ਆਮਦਨ (ਤਨਖਾਹ) ਵਾਲਾ ਕਿਤਾ ਕਰ ਰਹੇ ਸਨ, ਫਿਰ ਵੀ ਵਿਡਾਣੀ ਚਾਕਰੀ ਦਾ ਜੂਲਾ ਲਾਹ ਕੇ ਜਲੰਧਰ ਆ ਗਏ। ਇਥੇ ਆਪਣੀ ਹੀ ਇਕ ਛੋਟੀ ਜਹੀ ਵਰਕਸ਼ਾਪ ਚਾਲੂ ਕਰ ਲਈ। ਮਾਰਕੀਟ ਵਿਚ, ਧਰਮਹੀਣ ਤੇ ਤਜੌਰੀਆਂ ਭਰਨ ਵਾਲੇ ਚਾਲਬਾਜ਼ ਸਰਮਾਏਦਾਰਾਂ ਦੀ ਕਿਰਪਾ ਨਾਲ ਲਿਸ਼ਕ ਪੁਸ਼ਕ ਦੀ ਭਰਮਾਰ ਸੀ। ਮੰਡੀ ਵਿਚ ਇਨ੍ਹਾਂ ਦੀ ਮਿਹਨਤ ਦਾ ਮੁਲ ਨਾ ਪਿਆ, ਸੋ ਇਹ ਨਵੀਂ ਕਿਰਤ ਵੀ ਤਿਆਗਣੀ ਪਈ। ਡੇਅਰੀ ਦਾ ਕੰਮ ਅਰੰਭਿਆ, ਇਥੋਂ ਹੀ ਹੌਲੀ ਹੌਲੀ ਇਨ੍ਹਾਂ ਨੇ ਦ੍ਰਿੜ੍ਹ ਇਰਾਦਾ ਬਣਾਇਆ ਕਿ ਭੋਇੰ ਖਰੀਦ ਕੇ ਖੇਤੀਬਾੜੀ ਦਾ ਉਤਮ ਕਿਤਾ ਅਖਤਿਆਰ ਕੀਤਾ ਜਾਏ। ਸੋ ਬਾਈ ਕੁ ਸਾਲ ਤੋਂ ਜਬਲਪੁਰ ਵਿਖੇ ਉਹ ਕਿਰਸਾਣੀ ਦੀ ਕਾਰ ਕਰ ਰਹੇ ਸਨ। ਕਰਤਾਰ ਨੇ ਭਾਗ ਲਾਏ, ਇਨ੍ਹਾਂ ਦੀ ਨੇਕ-ਨੀਅਤੀ ਅਤੇ ਸਬਰ-ਦਿਲੀ ਨੂੰ, ਇਨ੍ਹਾਂ ਦੀ ਕੁਝ ਜ਼ਮੀਨ ਜਬਲਪੁਰ ਸ਼ਹਿਰ ਵਿਚ ਆ ਗਈ। ਉਹ ਹਿੱਸਾ ਅੱਜ ਲੱਖਾਂ ਹੀ ਰੁਪਏ ਦੇ ਮੂਲ ਦਾ ਹੈ। ਸਬਰ-ਸੰਤੋਖ ਨੂੰ ਮਿੱਠਾ ਫਲ ਲਗਦਾ ਹੈ।



www.AKJ.Org

ਭਾਈ ਸਾਹਿਬ ਗੁਰੂ ਬਾਣੀ ਅਤੇ ਗੁਰੂ-ਘਰ ਦੇ ਇਤਿਹਾਸ ਦੇ ਪ੍ਰੇਮੀ ਸਨ। ਬਾਣੀ ਪੜ੍ਹਦਿਆਂ ਤਾਂ ਆਪਣਾ ਆਪਾ ਹੀ ਭੁਲ ਜਾਂਦੇ ਸਨ। ਅੰਮ੍ਰਿਤ ਛਕਣ ਤੋਂ ਪਹਿਲਾਂ ਵੀ ਗੁਰਬਾਣੀ ਦਾ ਨਿਤਨੇਮ ਕਰਨ ਤੋਂ ਬਿਨਾਂ, ਅੰਨ-ਪਾਣੀ ਅੰਗੀਕਾਰ ਨਹੀਂ ਸਨ ਕਰਦੇ। ਅੰਮ੍ਰਿਤ-ਛਕਣ ਤੋਂ ਉਪਰੰਤ ਆਪਣੀ ਡਿਊਟੀ ਤੇ ਪੁਜਣ ਲਈ ਰੇਲ ਦੇ ਪੰਜ ਘੰਟੇ ਦੇ ਸਫਰ ਵਿਚ ਸ੍ਰੀ ਆਸਾ ਜੀ ਦੀ ਵਾਰ ਦੀਆਂ ਕੇਵਲ ਪਹਿਲੀਆਂ ਪੰਜ ਪਉੜੀਆਂ ਹੀ ਕਰ ਪਾਏ। ਆਪਣੀ ਇਸ ਮਗਨਤਾ ਤੇ ਲਿਵਲੀਨਤਾ ਵਿਚ ਅੰਮ੍ਰਿਤ ਦੀ ਪਾਰਸ ਕਲਾ ਦਾ ਪ੍ਰਭਾਵ ਵੇਖ ਕੇ ਆਪ ਹੀ ਹੈਰਾਨ ਤੇ ਪ੍ਰਸੰਨ ਹੋਏ। ਅੰਮ੍ਰਿਤ ਛਕਣ ਉਪਰੰਤ ਤਾਂ ਬਾਣੀ ਦੇ ਆਸ਼ਕ ਹੀ ਹੋ ਗਏ। "ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ" (੭੫੯) ਵਾਲੀ ਅਵਸਥਾ ਨੂੰ ਪ੍ਰਾਪਤ ਹੋਏ। ਪੰਜ ਪੰਜ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਇਕੋ ਬੈਠਕ ਵਿਚ ਕਰਦੇ ਵੇਖੇ ਗਏ।

ਗੁਰਬਾਣੀ ਦਾ ਕੀਰਤਨ ਵੀ ਕਰਦੇ ਸਨ। ਅਨੰਦ-ਮਗਨ ਹੋਏ ਹਾਰਮੋਨੀਅਮ ਲੈ ਕੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਗਾਈ ਜਾਂਦੇ। ਦਾਸਰੇ ਨੇ ਕਈ ਵੇਰ ਉਨ੍ਹਾਂ ਨੂੰ ਕੀਰਤਨ ਕਰਦਿਆਂ ਸੁਣਿਆ, ਪ੍ਰੰਤੂ ਗੁਰ-ਮੰਤਰ ਦੇ ਅਲਾਪ ਦੀ ਧੁਨੀ ਇਕ ਵੇਰ ਵੀ ਨਹੀਂ ਲਾਈ ਸੁਣੀ।

ਨਾਮ ਬਾਣੀ ਦੀ ਅਤੁਟ ਅਭਿਆਸ ਕਮਾਈ ਨੇਂ ਉਨ੍ਹਾਂ ਅੰਦਰ ਗੌੜ-ਸ਼ਕਤੀਆਂ ਵਰਤਾਈਆਂ। ਸਹਿਜ ਸੁਭਾਇ ਹੀ ਇਕ ਮੌਕੇ ਇਕ ਗੁਰਸਿਖ ਨੂੰ ਇਸਦਾ ਗਿਆਤ ਹੋਇਆ। ੧੯੬੩-੬੪ ਦੀ ਗੱਲ ਹੈ, ਸਨਮੁਖ ਸਿੰਘ ਜੀ ਅਰਦਾਸ ਕਰ ਰਹੇ ਸਨ, ਕਿ ਉਸ ਗੁਰਸਿਖ ਨੇ ਮਨ ਵਿਚ ਧਾਰਿਆ ਕਿ ਇਹ ਮੇਰੇ ਨਮਿਤ ਗੁਪਤ ਅਰਦਾਸ ਕਰਨ ਕਿ ਫਲਾਣੀ ਬੀਬੀ ਨਾਲ ਮੇਰੀ ਸ਼ਾਦੀ ਹੋ ਜਾਏ। ਅਰਦਾਸ ਹੋ ਹਟੀ, ਹੁਕਮਨਾਮਾ ਸੁਨਣ ਤੋਂ ਪਹਿਲਾਂ ਹੀ ਸਨਮੁਖ ਸਿੰਘ ਜੀ ਮਨ-ਚਿਤਵੀ ਕਾਮਨੀ ਦੀ ਕਾਮਨਾ ਕਰਨ ਵਾਲੇ ਸਿੱਖ ਦੇ ਸਾਹਮਣੇ ਆ ਕੇ ਇਕ-ਟੱਕ ਉਹਨੂੰ ਦੇਖਣ ਲਗ ਪਾਏ। ਸਿਖ, ਅੰਦਰਲੀ ਕਮਜ਼ੋਰੀ ਕਾਰਨ ਕੰਬਣ ਲਗ ਪਿਆ। ਹੁਕਮਨਾਮਾ ਹੋਣ ਉਪਰੰਤ ਪਿਆਰ-ਸਮਝਾਉਣੀ ਸੁਟਦਿਆਂ ਗੁਰਮੁਖਿ ਵੀਰ ਨੇ ਇਹ ਤੁਕ ਪੜ੍ਹੀ, "ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਇ॥" (੭੨੧) ਦੂਜੇ ਸਿਖ ਦੇ ਮਨ ਵਿਚ ਆਈ, ਧਨ ਕੀ ਬਲਾ ਹੁੰਦੀ ਹੈ। ਦੂਜੇ ਪਲ ਹੀ ਭਾਈ ਸਾਹਿਬ ਬੋਲੇ, "ਧਨ ਇਸਤ੍ਰੀ ਹੈ ਸਿੰਘ ਜੀ।" ਉਹ ਹੁਣ ਸ਼ਰਮ ਨਾਲ ਪਾਣੀ ਪਾਣੀ ਹੋਈ ਜਾਏ। ਚਾਹੁਣ ਲੱਗਾ ਕਿ ਭਾਈ ਸਾਹਿਬ ਏਨੀ ਸੰਗਤ ਵਿਚ ਮੈਨੂੰ ਸ਼ਰਮਿੰਦਾ ਨਾ ਕਰਨ। ਐਸਾ ਹੀ ਹੋਇਆ। ਪਰ "ਪਰਤ੍ਰਿਅ ਰੂਪ ਨ ਪੇਖੈ ਨੇਤ੍ਰ" ਵਾਲੀ ਸੁਖਮਨੀ ਸਾਹਿਬ ਵਾਲੀ ਸਿਖਿਆ ਉਸ ਸਮੇਂ ਤੋਂ ਪਲੇ ਬੰਨ੍ਹਣ ਦੀ ਧਾਰ ਲਈ ਉਸਨੇ, ਅਤੇ ਆਪਣੇ ਕੁਫ਼ਰਨੇ ਤੋਂ ਮੂੰਹ ਮੋੜ ਕੇ ਗੁਰੂ-ਅਦਬ ਦਾ ਧਾਰਨੀ ਹੋਇਆ।

ਇਕੇਰਾਂ ਇਕ ਨੌਜੁਆਨ ਨੇ ਆਪ ਜੀ ਤੇ ਪ੍ਰਸ਼ਨ ਕੀਤਾ, "ਆਪਾਂ ਰੋਜ਼ ਰੋਜ਼ ਪੜ੍ਹਦੇ ਹਾਂ, 'ਰਾਜ ਕਰੇਗਾ ਖਾਲਸਾ।' ਇਤਨੀ ਹਨੇਰ-ਗਰਦੀ ਛਾਈ ਹੋਈ ਹੈ, ਸਤਿਗੁਰੂ ਆਪਣੇ ਖਾਲਸੇ ਨੂੰ ਰਾਜ-ਭਾਗ ਕਦੋਂ ਬਖਸ਼ਣਗੇ? 'ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ' ?" (੮੫੮) ਭਾਈ ਸਾਹਿਬ ਉਸ ਸਿੰਘ ਦਾ ਨਾਂ ਲੈ ਕੇ ਇਉਂ ਕਹਿਣ ਲੱਗੇ, "......ਸਿੰਘ ਜੀ, ਲਿਆਉ ਕੋਈ ਖਾਲਸਾ ਲੱਭ ਕੇ......ਜੁ ਸਤਿਗੁਰੂ ਪਾਸੋਂ ਉਸਨੂੰ ਰਾਜ-ਭਾਗ ਦਿਵਾ ਦੇਈਏ।" ਹੋਰ ਸਿੰਘ ਵੀ ਜੋ ਕੋਲ ਸਨ, ਸੁਣ ਕੇ ਸੁੰਨ ਹੋ ਗਏ।

ਇਤਨੀ ਗੌਰਵਮਈ ਅੰਦਰੂਨੀ ਅਵਸਥਾ ਦੇ ਬਾਵਜੂਦ ਸਰਬ-ਲੋਹ-ਬਿਬੇਕ ਸੰਜਮ ਵਿਚ ਪਰਪੱਕ ਸਨ। ਭਾਈ ਸਾਹਿਬ ਦਰਸ਼ਨ ਸਿੰਘ ਜੀ 'ਗੜਗੱਜ' ਨਿਤਨੇਮ ਸਮੇਂ ਜਦੋਂ ਅਨੰਦ ਸਾਹਿਬ ਦੀ ਇਹ ਤੁਕ ਆਉਂਦੀ, "ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ।" ਤਾਂ ਉਚੀ ਸਾਰੀ ਭਾਈ ਸਨਮੁਖ ਸਿੰਘ ਵਲ ਮੂੰਹ ਕਰ ਕੇ ਕਹਿ ਉਠਦੇ, "ਦੱਸੋ ਭਾਈ ਬਿਬੇਕੀਓ!"

ਕੇਵਲ ਇਕ ਬਾਟੇ ਤੇ ਸਾਦੇ ਬਸਤਰਾਂ ਵਿਚ ਹੀ ਵਿਚਰਦੇ। ਕਹਿੰਦੇ ਸਨ ਕਿ ਗੁਰਸਿਖ ਨੂੰ ਆਪਣਾ ਸਰੀਰ ਐਸ਼ੀ ਤੇ ਆਰਾਮ-ਤਲਬ ਨਹੀਂ ਬਨਾਉਣਾ ਲੋੜੀਏ!

ਪਰਉਪਕਾਰ ਬ੍ਰਿਤੀ ਵਿਚ ਦੂਜੇ ਨੂੰ ਬਚਾਉਂਦੇ ਬਚਾਉਂਦੇ ਆਪ ਗਊ ਦੀਆਂ ਢੁਡਾਂ ਨਾਲ ਘਾਇਲ ਹੋ ਕੇ ਅੰਤ ਪਰਲੋਕ ਪਿਆਨੇ ਕਰ ਗਏ।



www.AKJ.Org

ਬਾਬਾ ਠਾਕਰ ਸਿੰਘ ਜੀ

# ਮੁਖੀ ਦਮਦਮੀ ਟਕਸਾਲ ਦੇ ਨਾਮ ਖੁਲ੍ਹੀ ਚਿਠੀ

ਪਰਮ ਪਿਆਰੇ ਵੀਰਨ ਜੀਉ,

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।

ਅਰੰਭ ਵਿਚ ਮੈਂ ਆਪ ਜੀ ਦੀ ਸਿਹਤ ਅਤੇ ਚੜ੍ਹਦੀ ਕਲਾ ਲਈ ਸਤਿਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ।

੨) ਮੈਂ ਆਪ ਜੀ ਦਾ ਧਿਆਨ ਮਿਤੀ ੨੧ ਜਨਵਰੀ ਦੀ 'ਅਜੀਤ' ਦੇ ਪੰਨਾ ੭ ਦੇ ਚੌਥੇ ਕਾਲਮ ਵਿਚ ਛਪੇ ਇਕ ਪਤਰ/ਬਿਆਨ ਵਲ ਦਿਵਾਉਣਾ ਚਾਹੁੰਦਾ ਹਾਂ। ਆਪ ਜੀ ਨੂੰ ਖੇਚਲ ਇਸ ਲਈ ਦਿਤੀ ਜਾ ਰਹੀ ਹੈ ਕਿਉਂਜੁ ਪਤਰ/ਬਿਆਨ ਦੇ ਲਿਖਣ ਵਾਲੇ ਅਨਸਰ ਨੇ ਆਪਣੇ ਆਪ ਨੂੰ ਦਮਦਮੀ ਟਕਸਾਲ ਨਾਲ ਸੰਬੰਧਤ ਹੋਣਾ ਦਸਿਆ ਹੈ।

੩) ਪਤਰ/ਬਿਆਨ ਪੜ੍ਹਨ ਤੇ ਆਪ ਜੀ ਖ਼ੁਦ ਅਨਭਵ ਕਰੋਗੇ ਕਿ ਇਸ ਵਿਚ ਕੋਝੀ ਭਾਸ਼ਾ ਵਰਤ ਕੇ ਪ੍ਰਤਿਸ਼ਠਤ ਪੰਥਕ ਵਿਅਕਤੀਆਂ ਵਿਰੁਧ ਦੂਸ਼ਨ-ਬਾਜ਼ੀ ਕੀਤੀ ਹੋਈ ਹੈ ਅਤੇ ਉਹਨਾਂ ਨੂੰ ਕਈ ਧਮਕੀਆਂ ਦਿਤੀਆਂ ਹੋਈਆਂ ਹਨ। ਇਸ ਨਾਲ ਹਰ ਪੰਥ-ਹਿਤੈਸ਼ੀ ਦਾ ਹਿਰਦਾ ਵਿਲੂੰਧਰਿਆ ਗਿਆ ਹੈ ਤੇ ਹਰ ਕੋਈ ਤ੍ਰਾਸ ਤ੍ਰਾਸ ਕਰ ਉਠਿਆ ਹੈ।

੪) ਪੰਥ ਦੀਆਂ ਬੜੀਆਂ ਗੌਰਵ-ਸ਼ੀਲ ਰਵਾਇਤਾਂ ਹਨ। ਇਹਨਾਂ ਨੂੰ ਬਨਣ ਲਗਿਆਂ ਸਦੀਆਂ ਲਗੀਆਂ ਹਨ ਅਤੇ ਕੌਮੀ ਉਸਰਈਆਂ ਨੇ ਇਸ ਲਈ ਕਰੜੀਆਂ ਘਾਲਨਾਂ ਤੇ ਕੁਰਬਾਨੀਆਂ ਕੀਤੀਆਂ ਹਨ। ਇਹਨਾਂ ਸੁਨਹਿਰੀ ਰਵਾਇਤਾਂ ਨੂੰ ਨਸ਼ਟ ਭ੍ਰਸ਼ਟ ਕੀਤੇ ਜਾਣ ਦੀ ਕਿਸੇ ਨੂੰ ਵੀ ਹਰਗਿਜ਼ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ।

੫) ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਦੋਵੇਂ ਪੰਥ ਦੀਆਂ ਧਾਰਮਕ ਜਥੇਬੰਦੀਆਂ ਹਨ, ਜੋ ਆਪੋ ਆਪਣੇ ਢੰਗ ਅਨੁਸਾਰ ਧਰਮ-ਪ੍ਰਚਾਰ ਦੀ ਸੇਵਾ ਨਿਭਾਅ ਰਹੀਆਂ ਹਨ। ਦੋਹਾਂ ਵਿਚ ਮਾਤਾ, ਪਿਤਾ, ਗੁਰੂ, ਗੁਰਬਾਣੀ, ਗੁਰਮੰਤ੍ਰ, ਅੰਮ੍ਰਿਤ, ਸੰਗਤ, ਪੰਗਤ, ਆਦਿ ਅਨੇਕ ਸਾਂਝਾਂ ਹਨ ਤੇ ਇਹਨਾਂ ਦੇ ਸਨਮੁਖ ਕਿਸੇ ਈਰਖਾ ਜਾਂ ਵਿਰੋਧ ਦੀ ਕੋਈ ਗੁੰਜਾਇਸ਼ ਨਹੀਂ। ਜੇ ਕੋਈ ਅਨਸਰ ਧਾਰਮਿਕ ਜਥੇਬੰਦੀਆਂ ਵਿਚ ਕੁਝ ਵਿਚਾਰਾਂ ਦੇ ਵਿਖੇਵਿਆਂ ਨੂੰ ਉਛਾਲ ਕੇ ਪਾਟਕ ਪਾਉਣਾ ਚਾਹੁੰਦਾ ਹੈ ਤਾਂ ਅਜਿਹੇ ਅਨਸਰ ਦੀ ਪਛਾਣ ਕਰ ਕੇ ਉਸ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ। ਇਹ ਨਾਜ਼ਕ ਸਮਾਂ ਪੰਥਕ ਏਕਤਾ ਦਾ ਹੈ। ਅਖੰਡ ਕੀਰਤਨੀ ਜਥੇ ਦਾ ਕਿਸੇ ਧਾਰਮਕ ਜਥੇਬੰਦੀ ਨਾਲ ਕੋਈ ਵਿਰੋਧ ਨਹੀਂ।

੬) ਖਾਲਸਾ ਰਰਿਤ ਦਾ ਸੰਬੰਧ ਸਮੁੱਚੇ ਪੰਥ ਨਾਲ ਹੈ। ਕਿਸੇ ਇਕੱਲੇ ਵਿਅਕਤੀ ਨੂੰ ਜਾਂ ਕਿਸੇ ਇਕੱਲੀ ਜਥੇਬੰਦੀ ਨੂੰ ਇਸ ਵਿਚ ਅਦਲਾ ਬਦਲੀ ਕਰਨ ਦਾ ਕੋਈ ਹਕ ਹਾਸਲ ਨਹੀਂ। ਸਮੁੱਚਾ ਪੰਥ ਹੀ ਇਸ ਬਾਰੇ ਕੋਈ ਨਿਰਨਾ ਲੈਣ ਦੇ ਸਮਰੱਥ ਹੈ, ਤੇ ਉਹ ਵੀ ਸਾਰੀਆਂ ਧਾਰਮਿਕ ਜਥੇਬੰਦੀਆਂ ਦੇ ਪੂਰੇ ਵਿਚਾਰ-ਵਟਾਂਦਰੇ ਮਗਰੋਂ ਅਤੇ ਸਰਬ-ਸੰਮਤੀ ਦੇ ਗੁਰਮਤੇ ਦੁਆਰਾ।

---

**ਪਾਠਕ ਜੀ—** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

੭) ਜਿਥੋਂ ਤਕ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ ਸ਼ਖਸੀਅਤ ਦਾ ਸੰਬੰਧ ਹੈ, ਉਹ ਕਿਤਾਬ ਵਾਂਗ ਸਮੁੱਚੇ ਪੰਥ ਦੇ ਸਾਹਮਣੇ ਹੈ। ਜੇ ਕੋਈ ਚੰਨ ਤੇ ਥੁਕਣ ਦਾ ਯਤਨ ਕਰੇ ਤਾਂ ਉਸਦਾ ਜਤਨ ਵਿਅਰਥ ਜਾਂਦਾ ਹੈ। ਅਮਰੀਕਾ ਦੇ ਜੋਗੀ ਹਰਭਜਨ ਸਿੰਘ ਨੇ ਸਾਲ ੧੯੮੦ ਵਿਚ ਭਾਈ ਸਾਹਿਬ ਵਿਰੁਧ ਅਨਹੋਣੀ ਊਜ ਲਾਉਣ ਦੀ ਹਮਾਕਤ ਕੀਤੀ ਸੀ, ਜਿਸ ਕਾਰਨ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਉਹਨਾਂ ਤੋਂ ਮਾਫ਼ੀ ਮੰਗਣੀ ਪਈ ਸੀ*। ਉਸ ਵੇਲੇ ਹਾਜ਼ਰ ਵਿਅਕਤੀਆਂ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ, ਹਰੀਆਂ ਵੇਲਾਂ ਵਾਲੇ ਬਾਬਾ ਨਿਹਾਲ ਸਿੰਘ ਜੀ, ਦਮਦਮੀ ਟਕਸਾਲ ਦੇ ਭਾਈ ਅਮਰੀਕ ਸਿੰਘ ਜੀ ਤੇ ਹੋਰ ਕਈ ਦੇਸ ਵਿਦੇਸ ਦੇ ਵਿਅਕਤੀ ਓਥੇ ਹਾਜ਼ਰ ਸਨ।

੮ ਮੌਜੂਦਾ ਸੰਘਰਸ਼ ਨੂੰ ਸਰਕਾਰੀ ਅਤੇ ਸਿਆਸੀ ਅਖਾੜੇ ਵਿਚੋਂ ਧੂ ਕੇ ਪੰਥ ਦੇ ਧਾਰਮਕ ਖੇਤਰ ਵਿਚ ਲਿਆ ਵਾੜਨ ਪਿਛੇ ਕੋਈ ਕੁਟਲ ਚਾਲ ਜਾਪਦੀ ਹੈ। ਪਤਰ/ਬਿਆਨ ਦੀ ਭਾਵਨਾ ਅਤੇ ਭਾਸ਼ਾ ਤੋਂ ਇਹ ਯਕੀਨ ਨਹੀਂ ਆਉਂਦਾ ਕਿ ਏਨੇ ਘਟੀਆ ਪਧਰ ਤੇ ਉਤਰ ਆਉਣ ਵਾਲਾ ਅਨਸਰ ਕਿਸੇ ਵੀ ਧਾਰਮਕ ਸੰਸਥਾ ਨਾਲ ਸੰਬੰਧ ਰਖਦਾ ਹੋਵੇ। ਨਿਰਸੰਦੇਹ ਹੀ ਵਿਚਾਰ-ਅਧੀਨ ਪਤਰ।ਬਿਆਨ ਆਪ ਜੀ ਦੀ ਪ੍ਰਵਾਨਗੀ ਜਾਂ ਗਿਆਤ ਤੋਂ ਬਗੈਰ ਹੀ ਕਿਸੇ ਗ਼ਲਤ ਅਨਸਰ ਵਲੋਂ ਦਿਤਾ ਜਾਪਦਾ ਹੈ। ਜੇ ਵਾਕਿਆ ਹੀ ਇੰਜ ਹੈ ਤਾਂ ਆਪ ਜੀ ਨੂੰ ਇਸ ਪਤਰ/ਬਿਆਨ ਨਾਲੋਂ ਲਾ-ਤੁਅਲਕੀ ਪ੍ਰਗਟ ਕਰਨ ਵਿਚ ਰਤਾ ਸੰਕੋਚ ਨਹੀਂ ਕਰਨਾ ਚਾਹੀਦਾ। ਏਸੇ ਵਿਚ ਆਪ ਜੀ ਦੀ ਸੰਸਥਾ ਅਤੇ ਸਮੁੱਚੇ ਪੰਥ ਦੀ ਬਿਹਤਰੀ ਹੈ।

ਪੂਰਨ ਆਸ ਹੈ ਕਿ ਆਪ ਜੀ ਦਮਦਮੀ ਟਕਸਾਲ ਦੇ ਮੁਖੀ ਹੋਣ ਦੇ ਨਾਤੇ ਇਸ ਸੰਬੰਧੀ ਸਪਸ਼ਟੀਕਰਨ ਤੁਰਤ ਜਾਰੀ ਕਰਨ ਦੀ ਕ੍ਰਿਪਾਲਤਾ ਕਰੋਗੇ।

ਨਿਘੇ ਸਤਿਕਾਰ ਸਹਿਤ

ਖਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ, ਜਥੇਦਾਰ ਅਖੰਡ ਕੀਰਤਨੀ ਜਥਾ

---

*'ਸੂਰਾ' ਫ਼ਰਵਰੀ ੧੯੮੧, ਪੰਨਾ ੪੦ ਉਤੇ ਇਸ ਬਾਰੇ ਹੇਠ ਲਿਖੀ ਸੂਚਨਾ ਦਿਤੀ ਗਈ ਸੀ—

## ਜੋਗੀ ਹਰਭਜਨ ਸਿੰਘ ਵਲੋਂ ਅਫ਼ਸੋਸ ਅਤੇ ਮੁਆਫ਼ੀ

ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ, ਜਥੇਦਾਰ ਸ੍ਰੀ ਅਕਾਲ ਤਖਤ ਵਲੋਂ ੨੨-੧-੮੧ ਨੂੰ ਆਪਣੇ ਨਿਵਾਸ-ਅਸਥਾਨ ਤੇ ਮੀਟਿੰਗ ਬੁਲਾਈ ਗਈ, ਜਿਸ ਵਿਚ ਹੇਠ ਲਿਖੇ ਸਜਣਾਂ ਨੇ ਭਾਗ ਲਿਆ—

੧. ਜੋਗੀ ਹਰਭਜਨ ਸਿੰਘ ਤੇ ਉਹਨਾਂ ਦੀ ਸੰਸਥਾ ਦੇ ਕੁਝ ਮੈਂਬਰ, ੨. ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ੩. ਭਾਈ ਰਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਤੇ ਸੰਸਥਾ ਦੇ ਕੁਝ ਮੈਂਬਰ, ੪. ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ, ੫. ਭਾਈ ਅਮ੍ਰੀਕ ਸਿੰਘ ਜੀ ਸਪੁਤਰ ਸਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ।

ਇਸ ਮੀਟਿੰਗ ਵਿਚ ਸ: ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਮੀਟਿੰਗ ਬੁਲਾਏ ਜਾਣ ਦਾ ਮੰਤਵ ਭਾ: ਜੋਗਿੰਦਰ ਸਿੰਘ ਵਲੋਂ ਉਸ ਦੇ ਵਿਰੁਧ ਜੋਗੀ ਹਰਭਜਨ ਸਿੰਘ ਦੀ ਸੰਸਥਾ ਵਲੋਂ ਲਾਏ ਗਏ ਝੂਠੇ ਦੂਸ਼ਨ ਅਤੇ ਜਾਰੀ ਕੀਤੇ ਗਏ "ਫ਼ੁਰਮਾਨ ਖਾਲਸਾ" ਬਾਰੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜੀ ਗਈ ਅਪੀਲ ਦਾ ਨਿਪਟਾਰਾ ਕੀਤੇ ਜਾਣਾ ਸੀ।

"ਫੁਰਮਾਨ ਖਾਲਸਾ" ਸੰਬੰਧੀ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਨੇ ਸਾਰਿਆਂ ਨੂੰ ਦਸਿਆ ਕਿ ਜੋਗੀ ਹਰਭਜਨ ਸਿੰਘ ਜੀ ਨੇ 'ਫੁਰਮਾਨ ਖਾਲਸਾ' ਵਾਪਸ ਲੈ ਲਿਆ ਹੈ ਅਤੇ ਇਸ ਦੇ ਜਾਰੀ ਕੀਤੇ ਜਾਣ ਵਜੋਂ ਅਫਸੋਸ ਪ੍ਰਗਟ ਕੀਤਾ ਹੈ।

ਭਾਈ ਜੋਗਿੰਦਰ ਸਿੰਘ ਜੀ ਵਿਰੁਧ ਲਾਏ ਗਏ ਦੂਸ਼ਨ ਬਾਰੇ ਜੋਗੀ ਹਰਭਜਨ ਸਿੰਘ ਜੀ ਨੇ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਭਾਈ ਸਾਹਿਬ ਤੋਂ ਮਾਫੀ ਮੰਗੀ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਆਮਦਨ ਖ਼ਰਚ

## ਸਾਲ ੧੯੮੦-੮੧ ਤੋਂ ੧੯੮੬-੮੭ ਦਾ ਚਿੱਠਾ ਤੇ

## ਆਡਿਟ ਰੀਪੋਰਟ

ਸੂਰਾ ਮਾਸਕ ਪੱਤਰ ਦੇ ਆਮਦਨ-ਖਰਚ ਸਾਲ ੧੯੭੯-੮੦ ਤੱਕ ਦਾ ਚਿੱਠਾ ਤੇ ਆਡਿਟ ਰੀਪੋਰਟ ਪਹਿਲਾ ਸੂਰਾ ਦਸੰਬਰ ੧੯੮੦ ਵਿਚ ਛਪ ਚੁਕੀ ਹੈ। ਹੁਣ ਸਾਲ ੧੯੮੦-੮੧ ਤੋ ੧੯੮੬-੮੭ ਤਕ ਦੇ ਆਮਦਨ-ਖਰਚ ਲੇਖਿਆਂ ਦੀ ਪੜਤਾਲ ਕੀਤੀ ਗਈ ਹੈ। ਇਸ ਦੀ ਹਰ ਸਾਲ ਦੀ ਬੈਲੰਸ-ਸ਼ੀਟ ਆਮਦਨ-ਖਰਚ ਦੇ ਵੇਰਵੇ ਸਹਿਤ ਨਾਲ ਸ਼ਾਮਲ ਹੈ। ਇਸ ਦੀਆਂ ਵਿਸ਼ੇਸ਼ ਗੱਲਾਂ ਇਸ ਪ੍ਰਕਾਰ ਹਨ—

੧) ਇਸ ਪੱਤਰ ਦੇ ਹਿਸਾਬ ਦਾ ਸਾਲ ਅਪਰੈਲ ਤੋਂ ਮਾਰਚ ਚਲਦਾ ਹੈ।

੨) ਮੈਂ ਆਪਣੀ ਜਾਣਕਾਰੀ ਤੇ ਵਿਸ਼ਵਾਸ ਅਨੁਸਾਰ ਆਡਿਟ ਦੇ ਮੰਤਵ ਲਈ ਲੋੜੀਂਦੀਆਂ ਸੂਚਨਾਵਾਂ ਤੇ ਸਪਸ਼ਟੀਕਰਨ ਪ੍ਰਾਪਤ ਕਰ ਲਏ ਹਨ।

੩) ਆਮਦਨ-ਖ਼ਰਚ ਤੇ ਬੈਲੰਸ ਸ਼ੀਟ ਦੇ ਚਿਠੇ, ਲੇਖੇ ਦੀਆਂ ਪੁਸਤਕਾਂ ਨਾਲ ਮੇਲ ਖਾਂਦੇ ਹਨ, ਤੇ ਸਹੀ ਤਸਵੀਰ ਪੇਸ਼ ਕਰਦੇ ਹਨ।

੪) ਇਸ ਮਾਸਕ ਪੱਤਰ ਦੇ ਨਾ ਹੀ ਕੋਈ ਫ਼ਿਕਸਡ ਐਸੇਟ ਹਨ ਤੇ ਨਾ ਹੀ ਮਸ਼ੀਨਰੀ, ਫ਼ਰਨੀਚਰ ਆਦਿ, ਇਸ ਲਈ ਡੇਪਰੀਸੀਏਸ਼ਨ ਦੀ ਕੋਈ ਰਕਮ ਨਹੀਂ ਰਖੀ ਗਈ।

੫) ਇਸ ਪੱਤਰ ਦੀ ਆਮਦਨ ਮੁਖ ਤੌਰ ਤੇ ਮਾਹਵਾਰੀ ਚੰਦੇ, ਸੰਗਤਾਂ ਪਾਸੋਂ ਸਹਾਇਤਾ ਤੇ ਅਮਾਨਤੀ ਲਾਈਫ਼ ਮੈਂਬਰਾਂ ਦੇ ਫ਼ਿਕਸਡ ਡੀਪਾਜ਼ਟ ਦੇ ਸੂਦ ਤੋਂ ਹੀ ਹੈ। ਇਹ ਵਰਨਣ ਯੋਗ ਹੈ ਕਿ ਲਾਈਫ਼ ਮੈਂਬਰਜ਼ ਲਈ ੧੫੦ ਰੁਪੈ ਦੀ ਫ਼ਿਕਸਡ ਡੀਪਾਜ਼ਟ ਦੀ ਸਕੀਮ ਅਨੁਸਾਰ ਇਸ ਦੀ ਸੂਦ ਦੀ ਆਮਦਨ ਤੇ ਹੀ ਹਰ ਮਹੀਨੇ ਪਰਚਾ ਭੇਜਿਆ ਜਾਂਦਾ ਹੈ। ਇਹ ਸੂਰਾ ਦੀ ਰਾਸ਼ੀ ਵਿਚ ਸ਼ਾਮਲ ਨਹੀਂ ਹੈ, ਇਹ ਰਕਮ ਮੈਂਬਰਾ ਦੀ ਅਮਾਨਤ ਹੈ, ਸੂਰਾ ਦੀ ਨਹੀਂ।

੬) ਸੂਰਾ ਮਾਸਕ ਪੱਤਰ ਤੋਂ ਬਿਨਾ ਕੁਛ ਛੋਟੇ ਛੋਟੇ ਟਰੈਕਟ ਵੀ ਤਿਆਰ ਕਰਵਾ ਕੇ ਸੇਲ ਕੀਤੇ ਜਾਂਦੇ ਹਨ। ਜਿਸ ਦੀ ਆਮਦਨ-ਖਰਚ-ਬਕਾਇਆ ਸਟਾਕ ਨੂੰ ਵਖਰੇ ਤੌਰ ਤੇ ਦਰਸਾਇਆ ਗਿਆ ਹੈ।

੭) ਸੂਰਾ ਦੇ ਨਾਂ ਤੇ ਦੇਸਾਂ, ਵਿਦੇਸ਼ਾਂ ਤੋਂ ਇਕੱਠੀ ਮਾਇਆ ਆਂਦੀ ਹੈ. ਜਿਸ ਵਿਚ ਚੰਦੇ, ਸਹਾਇਤਾ, ਅਖੰਡ ਕੀਰਤਨੀ ਜਥੇ ਲਈ ਸ਼ਹੀਦੀ ਫ਼ੰਡ, ਅਕਾਲ ਤਖ਼ਤ ਦੀ ਨਵੀਂ ਬਿਲਡਿੰਗ ਲਈ, ਆਦਿਕ ਸ਼ਾਮਲ ਹੁੰਦੇ ਹਨ। ਇਸ ਦੀ ਵੰਡ ਭੇਜਣ ਵਾਲੇ ਦੀਆਂ ਹਦਾਇਤਾਂ ਅਨੁਸਾਰ ਕੀਤੀ ਜਾਂਦੀ ਹੈ। ਇਸ ਲਈ ਇਹੋ ਜਿਹੀਆਂ ਰਕਮਾਂ ਨੂੰ 'ਅਮਾਨਤ ਤੇ ਨਿਜੀ' ਖਾਤਿਆਂ ਵਿਚ ਰਖ ਕੇ ਮਗਰੋਂ ਅਦਾਇਗੀ ਕਰ ਦਿਤੀ ਜਾਂਦੀ ਹੈ। ਇਸ ਦਾ ਸੂਰੇ ਦੀ ਆਮਦਨ-ਖਰਚ ਤੇ ਕੋਈ ਅਸਰ ਨਹੀਂ ਪੈਂਦਾ। ਪ੍ਰੰਤੂ ਸਾਲ ੧੯੮੬-੮੭ ਵਿਚ ਦੇਣਦਾਰੀਆਂ ਦੇ ਖਾਤੇ ਵਿਚ ੪੦੦੦੦ ਰੁਪੈ ਦੀ ਅਦਾਇਗੀ ਕੀਤੀ ਹੈ ਜਦ ਕਿ ਨਿਜੀ ਖਾਤੇ ਵਿਚ ਇਹ ਰਕਮ ਨਹੀਂ ਆਈ।*

੮) ਲੇਖਿਆਂ ਦੀਆਂ ਪੁਸਤਕਾਂ ਅਥਵਾ ਕੈਸ਼-ਬੁਕ ਤੇ ਲੈਜਰ ਛੋਟੇ ਅਕਾਰ ਵਾਲੇ ਹਿਸਾਬ ਅਨੁਸਾਰ ਰਖੇ ਹੋਏ ਹਨ। ਕਿਉਂਕਿ ਇਸ ਪਰਚੇ ਦਾ ਅਕਾਰ ਹੁਣ ਬਹੁਤ ਵਡਾ ਹੋ ਗਿਆ ਹੈ, ਇਸ ਲਈ ਸੁਝਾਉ ਦਿਤਾ ਜਾਂਦਾ ਹੈ ਕਿ ਛਪੀ ਹੋਈ ਕੈਸ਼-ਬੁਕ, ਜਿਸ ਵਿਚ ਕੈਸ਼ ਤੇ ਬੈਂਕ ਦੇ ਵਖਰੇ ਵਖਰੇ ਕਾਲਮ ਦੋਨਾਂ ਪਾਸੇ ਹੋਣ, ਰਖੀ ਜਾਵੇ। ਮਹੀਨੇ ਦੇ ਅਖੀਰ ਵਿਚ ਬੈਂਕ ਦਾ ਵੀ ਬੈਲੰਸ ਕਢਿਆ ਜਾਵੇ ਤੇ ਬੈਂਕ ਪਾਸ-ਬੁਕ ਨਾਲ ਮਿਲਾਇਆ ਜਾਵੇ ਤੇ Bank Reconciliation Statement (ਬੈਂਕ-ਮਿਲਾਨ-ਪੱਤਰ) ਬਣਾਈ ਜਾਵੇ। ਇਸੇ ਪ੍ਰਕਾਰ ਛਪਿਆ ਹੋਇਆ Debit-Credit (ਲੈਣ ਦੇਣ ਵਾਲਾ ਲੈਜਰ ਲਗਾਇਆ ਜਾਵੇ।

੯) ਮਾਮੂਲੀ ਤੇ ਸਾਧਾਰਨ ਗਲਤੀਆਂ ਬਾਰੇ ਵਖਰਾ ਨੋਟ ਦੇ ਦਿੱਤਾ ਗਿਆ ਹੈ।

੧੬-੮-੮੮

ਬਲਵੰਤ ਸਿੰਘ P.S.A.S. (Auditor)
ਸੀਨੀਅਰ ਅਕਾਊਂਟਸ ਆਫ਼ੀਸਰ (ਰੀ:)
੯੬-ਦੇਸੀ ਮਹਿਮਾਨਦਾਰੀ, ਪਟਿਆਲਾ

* ੧ ਜਨਵਰੀ ੧੯੮੮ ਨੂੰ ਇਹ ਰਕਮ ਜਮ੍ਹਾਂ ਹੋ ਚੁਕੀ ਹੈ। (ਮੈਨੇਜਰ ਸੂਰਾ)



www.AKJ.Org

## Profit and Loss Account ਲਾਭ ਤੇ ਹਾਣ ੧੯੮੦-੮੧

| ਖ਼ਰਚ | | | ਆਮਦਨ | |
|---|---|---|---|---|
| ਕਾਗਜ਼—ਪਿਛਲੀ ਬਾਕੀ | ੨੯੦੪-੫੬ | | ਚੰਦੇ ਆਦਿ | ੩੮੧੮੯-੮੮ |
| ਖਰੀਦ | ੩੦੭੫੮-੪੮ | | ਸਹਾਇਤਾ | ੧੦੨੦੫-੦੭ |
| | ੩੩੬੬੩-੦੪ | | ਵਿਕਰੀ ਟਰੈਕਟ | ੮੧੬੭-੫੦ |
| ਬਕਾਇਆ | ੬੨੫੪-੪੭ | | ਬੈਂਕ ਸੂਦ | ੮੪੩੭-੯੮ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ | | ੨੭੪੦੮-੫੭ | ਸਟਾਕ ਬਾਕੀ (ਟਰੈਕ | ੬੦੩੫-੧੫ |
| ਛਪਾਈ ਤੇ ਬਾਈਡਿੰਗ ਸੂਰਾ | | ੧੧੩੨੯-੭੫ | | |
| ,, ,, ਟਰੈਕਟ | | ੨੮੩੩-੮੦ | | |
| ਡਾਕ ਖਰਚ | | ੯੫੨੯-੨੬ | | |
| ਤਨਖਾਹ | | ੫੨੦੦-੦੦ | | |
| ਪੈਕਿੰਗ ਕਰਾਫਟ | | ੨੦੦੮-੯੮ | | |
| ਫੁਟਕਲ ਸਟੇਸ਼ਨਰੀ ਆਦਿ | | ੧੨੦੮-੪੫ | | |
| ਪਿਛਲਾ ਸਟਾਕ (ਟਰੈਕਟ) | | ੬੬੧੩-੪੫ | | |
| | | ੬੬੧੩੨-੨੬ | | |
| ਖ਼ਰਚ ਤੋਂ ਆਮਦਨ ਦਾ ਵਾਧਾ | | ੪੯੦੩-੩੨ | | |
| | | ੭੧੦,੩੫-੫੮ | | ੭੧,੦੩੫-੫੮ |

## ਬੈਲੈਂਸ ਸ਼ੀਟ ੧੯੮੦-੮੧

| Labilities | | | Assets | | |
|---|---|---|---|---|---|
| ਸਰਮਾਇਆ | | | ਬਕਾਇਆ ਸਟਾਕ ਟਰੈਕਟ | | ੬੦੩੫-੧੫ |
| ਪਿਛਲੀ ਬਾਕੀ | ੨੩੧੮੩-੨੬ | | ਬਕਾਇਆ ਕਾਗਜ਼ | | ੬੨੫੪-੪੭ |
| ਸਾਲ ਦਾ ਵਾਧਾ | ੪੯੦੩-੩੨ | | ਅਮਾਨਤੀ ਲਾ:ਮੈਂ: ਐਫ.ਡੀਆਂ ਬਣੀਆਂ | | ੯੭੬੦੨-੦੦ |
| | | ੨੮੦੮੬-੫੮ | ਸੰਡਰੀ ਡੇਟਰਜ਼ (ਲੈਣਦਾਰੀਆਂ) | | ੧੧੦੦-੮੦ |
| ਅਮਾਨਤੀ ਲਾਈਫ ਮੈਂਬਰ ਆਈਆਂ ਰਕਮਾਂ | | ੯੯੩੪੪-੦੪ | ਪੰ:ਸਿੰ: ਬੈਂਕ ਹਾਲ ਬਜ਼ਾਰ | ੧੧੧੭੮-੯੦ | |
| ਸੰਡਰੀ ਕਰੈਡਿਟਰਜ਼ (ਦੇਣਦਾਰੀਆਂ) | | ੭੬੧-੭੭ | ,, ,, ਘੰਟਾ ਘਰ | ੩੯੪੬-੮੦ | ੧੫੧੨੫-੭੦ |
| | | | ਕੈਸ਼ ਬੈਲੈਂਸ | | ੧੯੭੪-੨੭ |
| | | | ਐਫ ਡੀ ਸੂਰਾ | | ੧੦੦-੦੦ |
| | | ੧,੨੮,੧੯੨-੩੯ | | | ੧,੨੮,੧੯੨-੩੯ |

## ਲਾਭ ਤੇ ਹਾਣ ੧੯੮੧-੮੨

| ਖ਼ਰਚ | | | ਆਮਦਨ | |
|---|---|---|---|---|
| ਕਾਗਜ਼—ਪਿਛਲੀ ਬਾਕੀ | ੬੨੫੪-੪੭ | | ਚੰਦੇ ਆਦਿ | ੩੯੪੯੭-੧੪ |
| ਖਰੀਦ | ੨੨੫੯੩-੩੯ | | ਸਹਾਇਤਾ | ੫੩੩੫-੭੫ |
| | ੨੮੮੪੭-੮੬ | | ਵਿਕਰੀ ਟਰੈਕਟ | ੩੭੪੨-੮੫ |
| ਬਕਾਇਆ | ੧੫੪-੩੪ | | ਬੈਂਕ ਸੂਦ | ੧੦੬੭੮-੦੩ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ | | ੨੮੬੯੩-੫੨ | ਇਸ਼ਤਿਹਾਰ | ੫੦੦-੦੦ |
| ਛਪਾਈ ਤੇ ਬਾਈਡਿੰਗ ਸੂਰਾ | | ੧੨੭੧੭-੦੨ | ਸਟਾਕ ਬਾਕੀ (ਟਰੈਕਟ) | ੭੫੯੯-੬੩ |
| ,, ,, ਟਰੈਕਟ | | ੧੮੪੩-੫੫ | | ੬੭੩੫੩-੪੦ |
| ਡਾਕ ਖ਼ਰਚ | | ੧੧੫੬੪-੧੮ | ਆਮਦਨ ਤੋਂ ਖਰਚ ਦਾ ਵਾਧਾ | ੨੧੯੫-੬੨ |
| ਤਨਖਾਹ. | | ੫੪੦੦-੦੦ | | |
| ਪੈਕਿੰਗ ਕਰਾਫਟ | | ੨੬੩੫-੭੦ | | |
| ਫੁਟਕਲ ਸਟੇਸ਼ਨਰੀ ਆਦਿ | | ੬੫੯-੯੦ | | |
| ਪਿਛਲਾ ਸਟਾਕ (ਟਰੈਕਟ) | | ੬੦੩੫-੧੫ | | |
| | | ੬੯,੫੪੯-੦੨ | | ੬੯,੫੪੯-੦੨. |



www.AKJ.Org

## ਬੈਲੈਂਸ ਸ਼ੀਟ ੧੯੮੧-੮੨

| Labilities | | | Assets | |
|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੭੫੯੯-੬੩ |
| ਪਿਛਲੀ ਬਾਕੀ | ੨੮੦੮੬-੫੮ | | ਬਕਾਇਆ ਕਾਗਜ਼ | ੧੫੪-੩੪ |
| ਸਾਲ ਦਾ ਘਾਟਾ | ੨੧੯੫-੬੨ | ੨੫੮੯੦-੯੬ | ਅਮਾਨਤੀ ਲਾ: ਮੈ: ਐਫ.ਡੀਆਂ ਬਣੀਆਂ | ੧੪੦੭੯੬-੦੦ |
| ਅਮਾਨਤੀ ਲਾਈਫ ਮੈਂਬਰ | | | ਨਿਜੀ ਖਾਤੇ (ਲੈਣਦਾਰੀ) | ੨੧੭੮-੪੫ |
| ਆਈਆਂ ਰਕਮਾਂ | | ੧੪੨੨੧੭-੩੪ | ਪੰਜਾਬ ਸਿੰਧ ਬੈਂਕ ਹਾਲ ਬਜ਼ਾਰ | ੧੬੧੨੭-੩੦ |
| ਅਮਾਨਤ | | ੧੦-੦੦ | ਹੱਥ ਰੋਕੜ (ਬਕਾਇਆ ਕੈਸ਼) | ੧੪੬੪-੧੯ |
| ਨਿਜੀ ਖਾਤੇ (ਦੇਣਦਾਰੀ) | | ੩੦੧-੬੧ | ਐਫ.ਡੀ. ਸੂਰਾ | ੧੦੦-੦੦ |
| | | ੧,੬੮,੪੧੯-੯੧ | | ੧੬੮੪੧੯-੯੧ |

## ਲਾਭ ਤੇ ਹਾਣ ੧੯੮੨-੮੩

| ਖਰਚ | | | ਆਮਦਨ | |
|---|---|---|---|---|
| ਕਾਗਜ਼–ਪਿਛਲੀ ਬਾਕੀ | ੧੫੪-੩੪ | | ਚੰਦੇ ਆਦਿ | ੪੨੨੯੯-੨੪ |
| ਖ੍ਰੀਦ | ੩੨੪੫੪-੦੯ | | ਟਰੈਕਟ ਵਿਕਰੀ | ੯੭੪੨-੯੫ |
| | ੩੨੬੦੮-੪੩ | | ਸਹਾਇਤਾ | ੧੬੭੯੩-੬੦ |
| ਕਲੋਜ਼ਿੰਗ ਸਟਾਕ | ੬੦੮੭-੭੪ | | ਬੈਂਕ ਵਿਆਜ | ੧੫੪੨੫-੨੩ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ | | ੨੬੫੨੦-੬੯ | ਸਟਾਕ ਬਾਕੀ (ਟਰੈਕਟ) | ੯੮੭੭-੭੨ |
| ਛਪਾਈ ਤੇ ਬਾਈਡਿੰਗ ਸੂਰਾ | | ੧੩੯੯੯-੦੦ | | |
| ਡਾਕ ਖਰਚ | | ੧੩੦੯੧-੩੦ | | |
| ਪੈਕਿੰਗ ਕਰਾਫ਼ਟ | | ੧੪੦੦-੦੦ | | |
| ਟਰੈਕਟ ਛਪਾਈ,ਬਾਈਡਿੰਗ,ਬੰਲਾਕ ਆਦਿ | | ੩੫੩੩-੯੩ | | |
| ਤਨਖਾਹ | | ੫੪੫੦-੦੦ | | |
| ਫੁਟਕਲ ਸਟੇਸ਼ਨਰੀ ਆਦਿ | | ੧੧੪੩-੭੮ | | |
| ਪਿਛਲਾ ਸਟਾਕ (ਟਰੈਕਟ) | | ੭੫੯੯-੬੩ | | |
| | | ੭੨੭੩੮-੬੧ | | |
| ਖਰਚ ਤੋਂ ਆਮਦਨ ਦਾ ਵਾਧਾ | | ੨੧੪੦੦-੧੩ | | |
| | | ੯੪,੧੩੮-੭੪ | | ੯੪,੧੩੮-੭੪ |

## ਬੈਲੈਂਸ ਸ਼ੀਟ ੧੯੮੨-੮੩

| Labilities | | | Assets | |
|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੯੮੭੭-੭੨ |
| ਪਿਛਲੀ ਬਾਕੀ | ੨੫੮੯੦-੯੬ | | ਕਾਗਜ਼ ਬਾਕੀ | ੬੦੮੭-੭੪ |
| ਸਾਲ ਦਾ ਵਾਧਾ | ੨੧੪੦੦-੧੩ | ੪੭੨੯੧-੦੯ | ਅਮਾਨਤੀ ਲਾ: ਮੈ: ਐਫ.ਡੀਆਂ ਬਣੀਆਂ | ੧੮੫੦੯੬-੦੦ |
| ਅਮਾਨਤੀ ਲਾਈਫ ਮੈਂਬਰ | | | ਨਿਜੀ ਖਾਤੇ (ਲੈਣਦਾਰੀ) | ੪੨੦-੮੦ |
| ਆਈਆਂ ਰਕਮਾਂ | | ੧੮੬੧੧੩-੯੪ | ਰੀਫ਼ੰਡ ਐਫ.ਡੀ. | ੨੦੦-੦੦ |
| ਨਿਜੀ ਦੇਣਦਾਰੀਆਂ | | ੩੨੫੨-੯੬ | ਸੂਰਾ ਐਫ.ਡੀ. | ੧੦੦-੦੦ |
| | | | ਪੰਜਾਬ ਐਂਡ ਸਿੰਧ ਬੈਂਕ | ੩੦੯੭੪-੭੩ |
| | | | ਬਕਾਇਆ ਕੈਸ਼ | ੩੯੦੧-੦੦ |
| | | ੨,੩੬ ੬੫੭-੯੯ | | ੨,੩੬,੬੫੭-੯੯ |



www.AKJ.Org

## ਲਾਭ ਤੇ ਹਾਣ ੧੯੮੩-੮੪

| | | | | |
|---|---|---|---|---|
| ਕਾਗਜ਼—ਪਿਛਲੀ ਬਾਕੀ | ੬੦੮੭-੭੪ | | ਆਮਦਨ | |
| ਖ਼੍ਰੀਦ | ੩੩੭੪੧-੧੮ | | ਚੰਦੇ ਆਦਿ | ੪੮੫੮੬-੮੭ |
| | ੩੯੮੨੮-੯੨ | | ਟਰੈਕਟ ਵਿਕਰੀ | ੯੮੧੫-੭੫ |
| ਬਾਕੀ ਕਾਗਜ਼ | ੬੦੭੩-੦੭ | | ਸਹਾਇਤਾ | ੯੭੦੨-੪੯ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ | | ੩੩੭੫੫-੮੫ | ਬੈਂਕ ਸੂਦ | ੨੦੬੧੮-੧੫ |
| ਛਪਾਈ ਤੇ ਬਾਈਡਿੰਗ ਸੂਰਾ | | ੧੫੮੦੧-੮੬ | ਸਟਾਕ ਬਾਕੀ (ਟਰੈਕਟ) | ੧੩੧੬੮-੦੭ |
| ਡਾਕ ਖਰਚ | | ੧੬੦੧੬-੬੨ | | |
| ਪੈਕਿੰਗ ਕਰਾਫਟ | | ੨੦੪੬-੫੬ | | |
| ਫੁਟਕਲ ਸਟੇਸ਼ਨਰੀ ਤੇ ਬਲਾਕ ਆਦਿ | | ੧੦੪੮-੩੦ | | |
| ਟਰੈਕਟ ਛਪਾਈ ਤੇ ਬਾਈਡਿੰਗ ਆਦਿ | | ੫੨੫੬-੩੦ | | |
| ਤਨਖਾਹ | | ੫੦੦੦-੦੦ | | |
| ਪਿਛਲਾ ਸਟਾਕ (ਟਰੈਕਟ) | | ੯੮੭੭-੭੨ | | |
| | | ੮੮੮੦੩-੨੧ | | |
| ਖਰਚ ਤੋਂ ਆਮਦਨ ਦਾ ਵਾਧਾ | | ੧੩੦੮੮-੧੨ | | |
| | | ੧,੦੧,੮੯੧-੩੩ | | ੧,੦੧,੮੯੧-੩੩ |

## ਬੈਲੈਂਸ ਸ਼ੀਟ ੧੯੮੩-੮੪

| | | | | |
|---|---|---|---|---|
| Labilities | | | Assets | |
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੧੩੧੬੮-੦੭ |
| ਪਿਛਲੀ ਬਾਕੀ | ੪੭੨੯੧-੦੯ | | ਕਾਗਜ਼ ਬਾਕੀ | ੬੦੭੩-੦੭ |
| ਐਫ.ਡੀ. ਰਕਮਾਂ ਵਾਪਸ | ੮੯੬-੦੦ | | ਅਮਾਨਤੀ ਲਾ:ਮੈ:ਐਫ.ਡੀਆਂ ਬਣੀਆਂ | ੨੧੩੩੫੦-੦੦ |
| | ੪੬੩੯੫-੦੯ | | ਨਿਜੀ ਖਾਤੇ (ਲੈਣਦਾਰੀਆਂ) | ੭੩੦-੮੦ |
| ਸਾਲ ਦਾ ਵਾਧਾ | ੧੩੦੮੮-੧੨ | ੫੯੪੮੩-੨੧ | ਸੂਰਾ ਐਫ.ਡੀ. | ੧੦੦-੦੦ |
| ਅਮਾਨਤੀ ਲਾਈਫ ਮੈਂਬਰ | | | ਪੰਜਾਬ ਐਂਡ ਸਿੰਧ ਬੈਂਕ | ੪੦੧੯੩-੧੮ |
| ਆਈਆਂ ਰਕਮਾਂ | | ੨੧੪੪੦੧-੩੪ | ਬਕਾਇਆ ਕੈਸ਼ | ੪੮੪੪-੮੦ |
| ਨਿਜੀ ਦੇਣਦਾਰੀਆਂ | | ੩੦੭੫-੩੭ | | |
| ਅਮਾਨਤ | | ੧੫੦੦-੦੦ | | |
| | | ੨,੭੮,੪੫੯-੯੨ | | ੨,੭੮,੪੫੯-੯੨ |

## ਲਾਭ ਤੇ ਹਾਣ ੧੯੮੪-੮੫

| | | | | |
|---|---|---|---|---|
| ਕਾਗਜ਼—ਪਿਛਲੀ ਬਾਕੀ | ੬੦੭੩-੦੭ | | ਆਮਦਨ | |
| ਖ਼੍ਰੀਦ | ੩੮੯੩੭-੭੦ | | ਚੰਦੇ ਆਦਿ | ੪੪੭੦੪-੫੭ |
| | ੪੫੦੧੦-੭੭ | | ਟਰੈਕਟ ਵਿਕਰੀ | ੭੬੭੯-੦੫ |
| ਭਾ: ਸਾ:ਪਬ: ਨੂੰ ਕਾਗਜ਼ | ੮੭੬-੦੬ | | 'ਸਹਾਇਤਾ | ੮੧੨੬-੩੫ |
| | ੪੪੧੩੪-੭੧ | | ਬੈਂਕ ਸੂਦ | ੨੪੧੦੧-੫੪ |
| ਬਾਕੀ ਕਾਗਜ਼ | ੯੪੯੯-੮੮ | | ਸਟਾਕ ਬਾਕੀ (ਟਰੈਕਟ) | ੧੪੬੬੪-੩੨ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ ਆਦਿ | | ੩੪੬੩੪-੮੩ | | |
| ਛਪਾਈ ਤੇ ਬਾਈਡਿੰਗ ਸੂਰਾ | | ੧੪੨੦੧-੬੫ | | |
| ਡਾਕ ਖਰਚ | | ੨੦੨੭੨-੯੦ | | |
| ਪੈਕਿੰਗ ਕਰਾਫਟ | | ੨੨੮੩-੦੦ | | |
| ਫੁਟਕਲ ਸਟੇਸ਼ਨੀ, ਆਵਾਜਾਈ ਆਦਿ | | ੩੧੯੧-੧੦ | | |
| ਟਰੈਕਟ ਛਪਾਈ ਤੇ ਬਾਈਡਿੰਗ | | ੩੩੮੬-੭੯ | | |
| ਤਨਖਾਹ | | ੫੭੦੦-੦੦ | | |
| ਪਿਛਲਾ ਸਟਾਕ (ਟਰੈਕਟ) | | ੧੩੧੬੮-੦੭ | | |
| | | ੯੬੮੩੮-੩੪ | | |
| ਖਰਚ ਤੋਂ ਆਮਦਨ ਦਾ ਵਾਧਾ | | ੨੪੩੭-੪੯ | | |
| | | ੯੯,੨੭੫-੮੩ | | ੯੯,੨੭੫-੮੩ |

www.AKJ.Org

## ਬੈਲੈਂਸ ਸ਼ੀਟ ੧੯੮੪–੮੫

| Labilities | | | Assets | |
|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੧੪੬੬੪-੩੨ |
| ਪਿਛਲੀ ਬਾਕੀ | ੫੯੪੮੩-੨੧ | | ਕਾਗਜ਼ ਬਾਕੀ | ੯੪੯੯-੮੮ |
| ਸਾਲ ਦਾ ਵਾਧਾ | ੨੪੩੭-੪੯ | ੬੧੯੨੦-੭੦ | ਅਮਾਨਤੀ ਲਾ: ਮੈਂ: ਐਫ.ਡੀਆਂ ਬਣੀਆਂ | ੨੨੯੩੦੦-੦੦ |
| ਅਮਾਨਤੀ ਲਾਈਫ਼ ਮੈਂਬਰ | | | ਸੂਰਾ ਐਫ.ਡੀ. | ੧੦੦-੦੦ |
| ਆਈਆਂ ਰਕਮਾਂ | | ੨੩੪੨੬੬-੩੪ | ਨਿਜੀ ਖਾਤੇ (ਲੈਣਦਾਰੀਆਂ) | ੬੦੦-੦੦ |
| ਨਿਜੀ ਖਾਤੇ (ਦੇਣਦਾਰੀਆਂ) | | ੫੪੯੦-੬੭ | ਪੰਜਾਬ ਐਂਡ ਸਿੰਧ ਬੈਂਕ | ੪੩੧੦੪-੭੧ |
| | | | ਬਕਾਇਆ ਕੈਸ਼ | ੪੪੦੮-੮੦ |
| | | ੩,੦੧,੬੭੭-੭੧ | | ੩,੦੧,੬੭੭-੭੧ |

## ਲਾਭ ਤੇ ਹਾਣ ੧੯੮੫–੮੬

| | | | ਆਮਦਨ | |
|---|---|---|---|---|
| ਕਾਗਜ਼—ਪਿਛਲੀ ਬਾਕੀ | ੯੪੯੯-੮੮ | | ਚੰਦੇ ਆਦਿ | ੬੯੭੫੬-੨੪ |
| ਖਰੀਦ | ੫੧੬੭੪-੪੫ | | ਵਿਕਰੀ ਟਰੈਕਟ | ੬੮੮੪-੨੫ |
| | ੬੧੧੭੪-੩੩ | | ਸਹਾਇਤਾ | ੧੨੬੮੬-੧੨ |
| ਬਾਕੀ ਕਾਗਜ਼ | ੨੨੬੧੫-੪੨ | | ਬੈਂਕ ਸੂਦ | ੨੬੮੯੪-੧੫ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ ਆਦਿ | | ੩੮੫੫੮-੯੧ | ਸਟਾਕ ਬਾਕੀ (ਟਰੈਕਟ) | ੧੪੦੭੯-੭੫ |
| ਛਪਾਈ ਤੇ ਬਾਈਡਿੰਗ ਸੂਰਾ | | ੧੭੧੯੧-੭੦ | | |
| ਡਾਕ ਖ਼ਰਚ | | ੨੪੬੫੬-੪੭ | | |
| ਪੈਕਿੰਗ ਕਰਾਫਟ | | ੧੯੧੦-੧੦ | | |
| ਫੁਟਕਲ ਸਟੇਸ਼ਨਰੀ, ਆਵਾਜਾਈ ਆਦਿ | | ੧੭੧੩-੩੧ | | |
| ਟਰੈਕਟ ਛਪਾਈ ਤੇ ਬਾਈਡਿੰਗ ਆਦਿ | | ੧੭੭੨-੦੦ | | |
| ਤਨਖਾਹ | | ੬੬੨੫-੦੦ | | |
| ਪਿਛਲਾ ਸਟਾਕ (ਟਰੈਕਟ) | | ੧੪੬੬੪-੩੨ | | |
| | | ੧,੦੭,੦੯੧-੮੧ | | |
| ਖਰਚ ਤੋਂ ਆਮਦਨ ਦਾ ਵਾਧਾ | | ੨੩੨੦੮-੭੦ | | |
| | | ੧,੩੦,੩੦੦-੫੧ | | ੧,੩੦,੩੦੦-੫੧ |

## ਬੈਲੈਂਸ ਸ਼ੀਟ ੧੯੮੫–੮੬

| Labilities | | | Assets | |
|---|---|---|---|---|
| ਸਰਮਾਇਆ. | | | ਬਕਾਇਆ ਸਟਾਕ (ਟਰੈਕਟ) | ੧੪੦੭੯-੭੫ |
| ਪਿਛਲੀ ਬਾਕੀ | ੬੧੯੨੦-੭੦ | | ਕਾਗਜ਼ ਬਾਕੀ | ੨੨੬੧੫-੪੨ |
| ਸਾਲ ਦਾ ਵਾਧਾ | ੨੩੨੦੮-੭੦ | | ਅਮਾਨਤੀ ਲਾ:ਮੈਂ: ਐਫ ਡੀਆਂ ਬਣੀਆਂ | ੨੪੭੭੦੦-੦੦ |
| | | ੮੫੧੨੯-੪੦ | ਸੂਰਾ ਐਫ਼.ਡੀ. | ੧੦੦-੦੦ |
| ਅਮਾਨਤੀ ਲਾਈਫ਼ ਮੈਂਬਰ | | | ਨਿਜੀ ਖਾਤੇ (ਲੈਣਦਾਰੀਆਂ) | ੩੩੦੦-੦੦ |
| ਆਈਆਂ ਰਕਮਾਂ | | ੨,੫੨,੪੫੧-੭੪ | ਪੰਜਾਬ ਸਿੰਧ ਬੈਂਕ | ੫੮੮੮੧-੯੯ |
| ਨਿਜੀ ਖਾਤੇ (ਦੇਣਦਾਰੀਆਂ) | | ੧੫੦੬੪-੬੦ | ਬਕਾਇਆ ਕੈਸ਼ | ੫੮੧੮-੫੮ |
| | | | ਰੀਫੰਡ ਐਫ਼.ਡੀ. | ੧੫੦-੦੦ |
| | | ੩,੫੨,੬੪੫-੭੪ | | ੩,੫੨,੬੪੫-੭੪ |



www.AKJ.Org

## ਲਾਭ ਤੇ ਹਾਣ ੧੯੮੬-੮੭

| | | | | |
|---|---|---|---|---|
| ਕਾਗਜ਼-ਪਿਛਲੀ ਬਾਕੀ ੨੨੬੧੫-੪੨ | | | ਆਮਦਨ | |
| ਖਰੀਦ ੪੧੧੩੯-੪੮ | | | ਚੰਦੇ ਆਦਿ | ੫੭੬੨੮-੦੭ |
| ੬੩੭੫੪-੬੦ | | | ਵਿਕਰੀ ਟਰੈਕਟ | ੬੧੧੪-੨੦ |
| ਬਾਕੀ ਕਾਗਜ਼ ੧੭੨੪੯-੧੮ | | | ਸਹਾਇਤਾ | ੧੩੧੫੫-੦੩ |
| ਲਾਗਤ ਕਾਗਜ਼ ਸੂਰਾ ਤੇ ਟਰੈਕਟ ਆਦਿ | ੪੬੫੦੫-੭੨ | | ਬੈਂਕ ਸੂਦ | ੩੦੦੫੪-੪੭ |
| ਛਪਾਈ ਤੇ ਬਾਈਡਿੰਗ ਸੂਰਾ | ੨੦੧੭੩-੭੬ | | ਸਟਾਕ ਬਾਕੀ (ਟਰੈਕਟ) | ੨੩੨੩੩-੨੬ |
| ਡਾਕ ਖਰਕ | ੩੨੮੭੫-੦੦ | | | ੧੩੩੧੮੫-੦੩ |
| ਪੈਕਿੰਗ ਕਰਾਫ਼ਟ | ੩੦੨੧-੨੦ | | ਆਮਦਨ ਤੋਂ ਖਰਚ ਦਾ ਵਾਧਾ | ੧੩੭੦-੫੨ |
| ਫੁਟਕਲ ਸਟੇਸ਼ਨਰੀ ਆਵਾਜਾਈ ਆਦਿ | ੩੨੩੪-੩੭ | | | |
| ਟਰੈਕਟ ਛਪਾਈ ਬਾਈਡਿਗ ਆਦਿ | ੭੪੬੫-੭੫ | | | |
| ਤਨਖਾਹ | ੭੨੦੦-੦੦ | | | |
| ਪਿਛਲਾ ਸਟਾਕ (ਟਰੈਕਟ) | ੧੪੦੭੬-੭੫ | | | |
| | ੧,੩੪,੫੫੫-੫੫ | | | ੧,੩੪,੫੫੫-੫੫ |

## ਬੈਲੈਂਸ ਸ਼ੀਟ ੧੯੮੬-੮੭

| | | | | |
|---|---|---|---|---|
| Labili ies | | | Assets | |
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੨੩੨੩੩-੨੬ |
| ਪਿਛਲੀ ਬਾਕੀ | ੮੫੧੨੯-੪੦ | | ਕਾਗਜ਼ ਬਾਕੀ | ੧੭੨੪੯-੧੮ |
| ਸਾਲ ਦਾ ਘਾਟਾ | ੧੩੭੦-੫੨ | ੮੩੭੫੮-੮੮ | ਅਮਾਨਤੀ ਲਾ:ਮੈ:ਐਫ.ਡੀਆਂ ਬਣੀਆਂ | ੨੮੧੪੫੦-੦੦ |
| ਅਮਾਨਤੀ ਲਾਈਫ ਮੈਂਬਰ | | | ਸੂਰਾ ਐਫ.ਡੀ. | ੧੦੦-੦੦ |
| ਆਈਆਂ ਰਕਮਾਂ | | ੨੯੧੫੫੮-੧੮ | ਨਿਜੀ ਖਾਤੇ (ਲੈਣਦਾਰੀਆਂ) | ੪੭੩੨੦-੦੦ |
| ਨਿਜੀ ਖਾਤੇ (ਦੇਣਦਾਰੀਆਂ) | | ੨੯੫੯੬-੩੮ | ਪੰਜਾਬ ਐਂਡ ਸਿੰਧ ਬੈਂਕ | ੩੧੭੬੩-੩੦ |
| | | | ਬਕਾਇਆ ਕੈਸ਼ | ੩੭੯੭-੭੦ |
| | | ੪ ੦੪,੬੧੩-੪੪ | | ੪,੦੪ ੬੧੩-੪੪ |

| | | | | |
|---|---|---|---|---|
| ਗੁਰਬਚਨ ਸਿੰਘ | ਦਵਿੰਦਰ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
| ਦਸਖਤ ਕੈਸ਼ੀਅਰ | ਅਕਾਊਂਟੈਂਟ | ਮੈਨੇਜਰ | ਸੀਨੀਅਰ ਅਕਾਊਂਟ ਅਫਸਰ (ਰੀ:) ਆਡੀਟਰ | ਜਥੇਦਾਰ |

## ਸ਼ਹੀਦੀ ਫ਼ੰਡ-ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

ਸ: ਮਨਜੀਤ ਸਿੰਘ, ਮਜਗਾਂਵਾਂ ਲਖੀਮਪੁਰ ਯੂ. ਪੀ. ਤੋਂ ਪਰਵਾਰ ਸਮੇਤ ਉਜੜ ਕੇ ਆਏ ੨੦੦੦-੦੦

ਮਾਸਕ ਸਹਾਇਤਾ ਫੌਜੀ ਅਤੇ ਸ਼ਹੀਦੀ ਪਰਵਾਰਾਂ ਨੂੰ ਬੈਂਕ ਰਾਹੀਂ ੫+੬+੫+੮=੨੪ ੫੩੦੦-੦੦

## ਹੜ੍ਹ-ਪੀੜਤਾਂ ਦੀ ਸਹਾਇਤਾ ਬਿਨਾਂ ਕਿਸੇ ਜ਼ਾਤ ਪਾਤ ਦੇ ਵਿਤਕਰੇ ਦੇ

ਇਸ ਮਹੀਨੇ ਮਿਤੀ ੨੦.੧.੮੯ ਨੂੰ ਕਾਹਨੂਵਾਨ (ਬੇਟ ਦਰਿਆ ਦੇ ਕਾਛਲੇ) ਇਲਾਕੇ ਵਿਚ ੫੦੦ ਭਾਰੇ ਕੰਬਲ ਕੀਮਤੀ ਸਾਢੇ ਚੌਤਾਲੀ ਹਜ਼ਾਰ ਰੁਪਏ ਦੇ, ਅਤੇ ੮੪ ਰਜਾਈਆਂ ਸੰਗਤ ਮੇਰਠ ਵਲੋਂ ਭੇਜੀਆਂ ਹੋਈਆਂ ਕੀਮਤ ਨੌਂ ਹਜ਼ਾਰ ਰੁਪਏ ਦੀਆਂ ਇਨ੍ਹਾਂ ਪਿੰਡਾਂ ਵਿਚ ਵੰਡੀਆਂ ਗਈਆਂ-ਨਾਨੋਵਾਲ, ਨਾਨੋਵਾਲ ਕਲਾਂ, ਨਾਨੋਵਾਲ ਜੀਂਦੜ, ਫੇਰੋਚੇਚੀ, ਭੈਣੀ-ਖਾਦਰ, ਭੈਣੀ ਭਸਵਾਲ, ਭੈਣੀ ਖੁੰਡਾ. ਜੀਂਦੜ, ਡੇਰਾ ਨੰਗਲ, ਜਗਤਪੁਰ ਕਲਾਂ, ਚਾਊਵਾਲ, ਟਾਂਡਾ, ਰਾਜਪੁਰਾ ਡੇਰਾ, ਭਸਵਾਲ, ਬਾਗੜੀਆਂ, ਫਤੂ ਬਰਕਤਾਂ, ਨੂਨਾਂ, ਸਿੰਬਲੀ, ਸਿੰਬਲੀ ਬੁਟਰ, ਸਿੰਬਲੀ ਕੋਟਲੀ, ਕੋਟਲੀ ਹਰਚੰਦਾ, ਮੁੰਨਣਾ, ਫਲੜਾ, ਛਿਛਰਾ, ਸ਼ਲੋਪੁਰ ਵਡਾ, ਸ਼ਲੋਪੁਰ ਛੋਟਾ, ਰਾਜੂ ਬੇਲਾ, ਘਰਵਾਲੀ, ਚਕ ਸ਼ਰੀਫ਼, ਝੰਡਾ ਲਬ੍ਹਾਬ, ਘੋੜੇਵਾਹ, ਬਹੂਰੀਆਂ, ਬੌੜੀਆਂ, ਭਰਥ, ਕੋਟ ਮਹਿਮਦ ਖ਼ਾਂ।

ਅਗੋਂ ਕਪੂਰਥਲਾ ਇਲਾਕੇ ਅਤੇ ਮਖੂ ਲਾਗੇ ਬੇਟ ਇਲਾਕੇ ਵਿਚ ਜਰਸੀਆਂ, ਸਵੈਟਰ, ਵਡੇ ਛੋਟੇ, ਰਜਾਈਆਂ ਤੇ ਕੰਬਲ ਆਦਿ ਵੰਡਣ ਲਈ ਕੁਝ ਭੇਜੇ ਗਏ ਹਨ ਤੇ ਹੋਰ ਭੇਜ ਰਹੇ ਹਾਂ । ਵੇਰਵਾ ਆਉਂਦੇ ਪਰਚੇ ਵਿਚ ।

ਖਾਲਸਾ ਜੀ ਦਾ ਸੇਵਾਦਾਰ-ਜਥੇਦਾਰ ਅਖੰਡ ਕੀਰਤਨੀ ਜਥਾ



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

| | |
|---|---|
| ਸ: ਹਰਜੀਤ ਸਿੰਘ ਸਿਕੰਦਰਾਬਾਦ (ਹੜ੍ਹ-ਪੀੜਤਾਂ ਲਈ) | ੫੦੨-੦੦ |
| ਸਰਦਾਰਨੀ ਖੇਮ ਕੌਰ ਸਿਕੰਦਰਾਬਾਦ | ੫੦੦-੦੦ |
| ਸ: ਰਣਜੀਤ ਸਿੰਘ ,, | ੧੦੦-੦੦ |
| ਸ: ਜਸਪਾਲ ਸਿੰਘ ,, | ੫੦੦-੦੦ |
| ਸ੍ਰੀਮਤੀ ਅਜੀਤ ਕੌਰ ,, | ੫੦੦-੦੦ |
| ਮੇਜਰ ਅਜੈਬ ਸਿੰਘ ,, | ੨੫੦-੦੦ |
| ਸ: ਮਨਮੋਹਨ ਸਿੰਘ ,, | ੫੦੦-੦੦ |
| ਸ: ਗੁਰਮੁਖ ਸਿੰਘ ਬਖਸ਼ੀ, ਕਾਨਪੁਰ ਛਾ: | ੪੯੦-੦੦ |
| ਸ: ਮਨਮੋਹਨ ਸਿੰਘ ਅਹੂਜਾ, ਮੇਰਠ ਛਾ: | ੧੦੧-੦੦ |
| ਸ: ਤ੍ਰਿਲੋਚਨ ਸਿੰਘ ਸਵਰਨ ਕੌਰ ,, | ੫੧-੦੦ |
| ਸ: ਕੁਲਵੰਤ ਸਿੰਘ ,, | ੨੧-੦੦ |
| ਸ: ਅਰਜਨ ਸਿੰਘ ,, | ੧੦-੦੦ |
| ਨੈਕ ਹਰਜਿੰਦਰਸਿੰਘ, ਗਵਾਲੀਅਰ | ੨੦੦-੦੦ |
| ਸ: ਅਜਬ ਸਿੰਘ, ਬੰਬਈ | ੫੦੦-੦੦ |
| ਸ੍ਰੀਮਤੀ ਹਰਜੀਤ ਕੌਰ. ਨਾਰਨੌਲ ਸਿਟੀ | ੫੧-੦੦ |
| ਸ: ਤਲੋਕ ਸਿੰਘ, ਮਹਿੰਦਰਗੜ੍ਹ ਐਮ. ਪੀ | ੨੦੦-੦੦ |
| ਗੁਪਤ ... ... ... | ੧੦੦-੦੦ |
| ਸ: ਅਮਰੀਕ ਸਿੰਘ, ਲੁਧਿਆਣਾ | ੧੦੦-੦੦ |
| ਗੁਪਤ ... ... ... | ੨੦੦-੦੦ |
| ਸ: ਗੁਰਮੁਖ ਸਿੰਘ, ਸ਼ੰਕਰ (ਜਲੰਧਰ) | ੧੨੫-੦੦ |
| ਸ: ਗੁਰਬਖਸ਼ ਸਿੰਘ, ਮੋਹਾਲੀ | ੭੦੦-੦੦ |
| ਗੁਪਤ—ਗੁਰੂ ਤੇਗ ਬਹਾਦਰ ਗੜ੍ਹ | ੫੦੦-੦੦ |
| ਗੁਪਤ ਲੁਧਿਆਣਾ ਸਮਾਗਮ | ੪੦੦-੦੦ |
| ਸ: ਅਮਰੀਕ ਸਿੰਘ ਬੀ: ਕਰਤਾਰ ਕੌਰ, ਲੁਧਿਆਣਾ | ੧੫੦੦-੦੦ |
| ਗੁਪਤ ਲੁਧਿਆਣਾ | ੫੦-੦੦ |
| ਸ: ਸੁਰਿੰਦਰਪਾਲ ਸਿੰਘ. ਪਟਿਆਲਾ | ੧੦੦-੦੦ |
| ਸ: ਮੋਹਨ ਸਿੰਘ, ਕੋਟ ਕਪੂਰਾ | ੨੦੦-੦੦ |
| ਸ: ਉਜਾਗਰ ਸਿੰਘ ਲੁਧਿਆਣਾ | ੮੦੦-੦੦ |
| ਭਾਈ ਦਲੀਪ ਸਿੰਘ. ਦਿਲੀ | ੧੦੧-੦੦ |
| ਗੁਰੂ ਕੀ ਬਖਸ਼ਸ਼—ਗੁਪਤ | ੩੦੦੦-੦੦ |
| ਸ: ਸੁਰਜੀਤ ਸਿੰਘ. ਚੰਡੀਗੜ੍ਹ | ੧੦੦-੦੦ |
| ਸ: ਬੇਅੰਤ ਸਿੰਘ, ਨਵੀਂ ਦਿਲੀ | ੨੦੦-੦੦ |
| ਸ: ਇਕਬਾਲ ਸਿੰਘ. ਸਿਕੰਦਰਾਬਾਦ | ੧੫੧-੦੦ |
| ਗੁਪਤ—ਡੈਨਮਾਰਕ | ੨੪੮੩-੦੦ |
| ਸ੍ਰੀਮਤੀ ਗੁਰਮੀਤ ਕੌਰ, ਵੋਲਵਰ ਹੈਂਪਟਨ ਯੂ ਕੇ | ੩੮੯-੨੫ |
| CPL. ਕੁਲਦੀਪ ਸਿੰਘ, ਬੰਗਲੋਰ | ੨੦੦-੦੦ |
| ਭਾਈ ਕੇਹਰ ਸਿੰਘ, ਬਰਮਿੰਘਮ ਯੂ. ਕੇ. | ੫੪੦੦-੦੦ |
| ਗੁਪਤ—ਡੈਨਮਾਰਕ ਤੋਂ (ਸ਼ਹੀਦੀ ਫ਼ੰਡ) | ੨੩੪੫-੦੦ |
| ਸ੍ਰੀ ਗੁਰੂ ਸਿੰਘ ਸਭਾ ਸਿਖ ਟੈਂਪਲ ਸਿਡਨੀ ਆਸਟ੍ਰੇਲੀਆ | ੫੬੧੩-੫੦ |
| ਗੁ: ਸ੍ਰੀ ਗੁਰ ਦਸਮੇਸ਼ ਸਿੰਘ ਸਭਾ, ਕੋਲਨ ਵੈ: ਜਰਮਨੀ | ੧੩੪੪੦-੦੦ |
| ਸ: ਗੁਰਦੀਪ ਸਿੰਘ ਮਦਰਾਸ | ੪੦੫-੦੦ |
| ਸ: ਗੁਰਬਖਸ਼ ਸਿੰਘ ਧਾਰੀਵਾਲ ਸਾਊਥਾਲ ਯੂ. ਕੇ. | ੨੦੩-੯੫ |
| ਭਾ: ਕੇਵਲ ਸਿੰਘ ਸਿਧੂ, ਸਮੈਥਵਿਕ ਯੂ. ਕੇ. | ੪੦੭-੨੫ |

| | |
|---|---|
| ਬੀਬੀ ਚੰਦ ਕੌਰ, ਬਰਮਿੰਘਮ (ਸ਼ਹੀਦੀ ਫ਼ੰਡ) | ੨੭੧-੫੦ |
| ਗੁਪਤ ਬਰਮਿੰਘਮ ਯੂ. ਕੇ ... ... | ੨੭੧-੫੦ |
| ਸ: ਮਨਜੀਤ ਸਿੰਘ ਧਾਮੀ, ਬਰਮਿੰਘਮ ਯੂ. ਕੇ. | ੧੭੯੭-੦੫ |
| JWO ਤੇਜਿੰਦਰ ਸਿੰਘ, ਮਦਰਾਸ | ੧੦੦-੦੦ |
| ਭਾ: ਗੁਰਦਿਆਲ ਸਿੰਘ ਗੁਰਮੁਖ ਸਿੰਘ ਅੰਮ੍ਰਿਤਸਰ | ੧੦੧-੦੦ |
| ਸ੍ਰੀਮਤੀ ਗੁਰਪ੍ਰੀਤ ਕੌਰ ਸਿਧੂ, ਭੁਜ, ਕਛ | ੫੧-੦੦ |
| ਗੁਪਤ ... ... ... ... | ੨੦੦-੦੦ |
| ਸ: ਗੁਰਮੁਖ ਸਿੰਘ, ਸ਼ੰਕਰ (ਜਲੰਧਰ) | ੧੨੫-੦੦ |
| ਸੂਬੇਦਾਰ ਰਾਮ ਸਿੰਘ, ਸਰਾਭਾ | ੨੦੧-੦੦ |
| ਸ: ਪਰਮਜੀਤ ਸਿੰਘ, Baton Rough ਅਮਰੀਕਾ | ੫੦੦-੦੦ |
| ਗੁਪਤ, ਲੁਧਿਆਣਾ | ੨੦੦-੦੦ |
| ਸ: ਮਨਮੋਹਨ ਸਿੰਘ, ਲਾਸ ਏਂਜਲ ਅਮਰੀਕਾ | ੨੦੦੦-੦੦ |
| ਗੁਪਤ—ਲੁਧਿਆਣਾ | ੨੫੦-੦੦ |
| ਸ: ਅਮਰਜੀਤ ਸਿੰਘ | ੫੦-੦੦ |
| ਸ: ਗੁਰਦੀਪ ਸਿੰਘ ਨੰਬਰਦਾਰ | ੨੩-੦੦ |
| ਗੁਪਤ. ਲੁਧਿਆਣਾ | ੫੦-੦੦ |
| ਸ: ਬੇਅੰਤ ਸਿੰਘ, ਅਸ਼ੋਕ ਨਗਰ. ਨਵੀਂ ਦਿਲੀ | ੨੦੦-੦੦ |
| ਸ: ਪ੍ਰਿਤਪਾਲ ਸਿੰਘ, ਆਦਮਪੁਰ | ੧੦੦-੦੦ |
| ਸ: ਇਕਬਾਲ ਸਿੰਘ, ਸਿਕੰਦਰਾਬਾਦ | ੮੫-੦੦ |
| ਸ: ਸਾਧੂ ਸਿੰਘ ਵਰਨਨ, ਕੈਨੇਡਾ | ੧੨੪੯-੦੦ |
| ਸ: ਸੁਬੇਗ ਸਿੰਘ, ਸਿਡਨੀ ਆਸਟ੍ਰੇਲੀਆ | ੪੦੦੦-੦੦ |
| ਗੁਪਤ ... ... ... ... | ੩੦੦-੦੦ |
| ਸ: ਬਲਜਿੰਦਰ ਸਿੰਘ ਸਵਿੰਡਨ ਯੂ, ਕੇ. | ੧੩੫-੦੦ |
| ਸ: ਸੋਹਣ ਸਿੰਘ, ਸਵਿੰਡਨ ਯੂ. ਕੇ. | ੧੩੫-੦੦ |
| ਸਾਧ ਸੰਗਤ, ਲਿਵਰਪੂਲ ਯੂ. ਕੇ. | ੨੭੨੭-੦੦ |
| ਭਾਈ ਹਰੀ ਸਿੰਘ, ਰੈਡਿੰਗ ਯੂ. ਕੇ. | ੨੭੦-੦੦ |
| ਕੀਰਤਨ ਭੇਟ ਸਾਧ ਸੰਗਤ ਸਲੋਅ ਯੂ. ਕੇ. | ੪੫੦੯-੦੦ |
| ਭਾ: ਮਨਜੀਤ ਸਿੰਘ ਕੀਰਤਨੀਆ, ਸਲੋਅ (ਕੀਰਤਨ ਭੇਟ) | ੫੬੨-੦੦ |
| ਭਾ: ਹਰਸੇਵਕ ਸਿੰਘ ,, ,, ,, | ੫੬੨-੦੦ |
| ਸਾਧ ਸੰਗਤ, ਮੇਡਨਹੈਡ (ਨਵੇਂ ਸਾਲ ਦੀ ਕੀਰਤਨ ਭੇਟ) | ੨੪੫੭-੦੦ |
| ਭਾਈ ਮਲਕੀਅਤ ਸਿੰਘ ਸਲੋਅ ਯੂ. ਕੇ. | ੫੪੦-੦੦ |
| ਸ: ਸੋਹਣ ਸਿੰਘ ਬੈਂਸ ,, ,, | ੫੪੦-੦੦ |
| ਬੀਬੀ ਬਲਬੀਰ ਕੌਰ ਸੁਰਿੰਦਰ ਸਿੰਘ, ਰੈਡਿੰਗ | ੮੧੦-੦੦ |
| ਸ: ਸੋਹਣ ਸਿੰਘ. ਇਕਬਾਲ ਕੌਰ. ਸਲੋਅ (ਕੀਰਤਨ ਭੇਟ) | ੨੭੫੪-੦੦ |
| ਸਾਧ ਸੰਗਤ ਗੁ: ਸਿੰਘ ਸਭਾ, ਸਾਊਥਾਲ ਯੂ.ਕੇ. | ੨੯੪੩-੦੦ |
| ਸ: ਚਰਨਜੀਤ ਸਿੰਘ. ਈਸਥਮ ਯੂ.ਕੇ. | ੧੬੨੦-੦੦ |
| ਸ: ਤ੍ਰਿਲੋਕ ਸਿੰਘ ਇਲਫੋਰਡ ਯੂ. ਕੇ. | ੧੩੫-੦੦ |
| ਭਾ: ਕੁਲਵੰਤ ਸਿੰਘ. ਸਾਊਥਾਲ (ਕੀਰਤਨ ਭੇਟ) | ੯ ੪-੫੦ |
| ਗਿ: ਪ੍ਰੀਤਮ ਸਿੰਘ ਜੋਗੀ ਸਲੋਅ ਯੂ.ਕੇ. | ੨੭੦-੦੦ |
| ਭਾ: ਓਂਕਾਰ ਸਿੰਘ. ਲਸਿਸਟਰ ਯੂ.ਕੇ. | ੫੪੦੦-੦੦ |
| ਸ: ਮਲਕੀਅਤ ਸਿੰਘ. ਸਲੋਅ ਯੂ.ਕੇ. | ੫੪੦-੦੦ |
| ਸਾਧ ਸੰਗਤ, ਕੋਵੈਨਟਰੀ (ਕੀਰਤਨ ਭੇਟ) | ੫੬੭੦-੦੦ |

[ਬਾਕੀ ਦੇਖੋ ਸਫ਼ਾ ੩੮ ਹੇਠ]

www.AKJ.Org

# ਅਖੰਡ ਕੀਰਤਨੀ ਜਥਾ ਯੂ.ਕੇ. (ਇੰਗਲੈਂਡ) ਵਲੋਂ ਕੀਰਤਨ ਸਮਾਗਮ

(1) ਕੀਰਤਨ ਰੈਣ ਸਬਾਈ ਮਿਤੀ 18-2-89 ਸ਼ਨੀਵਾਰ ਰਾਤ, ਸਿਖ ਟੈਂਪਲ, ਨਾਰਥ ਸਟਰੀਟ, ਸਵਿੰਡਨ-ਵਿਲਜ ਵਿਖੇ ਜਾਣਕਾਰੀ ਭਾਈ ਸੋਹਨ ਸਿੰਘ ਫੋਨ 0793-875702

(2) ਕੀਰਤਨ ਰੈਣ ਸਬਾਈ ਮਿਤੀ 4-3-89 ਸ਼ਨੀਵਾਰ ਰਾਤ, ਗੁਰਦਵਾਰਾ ਗੁਰੂ ਹਰਿ ਰਾਇ ਸਾਹਿਬ ਜੀ, ਵੈਸਟ ਬ੍ਰਾਮਵਿਚ, ਬਰਮਿੰਘਮ ਵਿਖੇ । ਗੁਰਦਵਾਰਾ ਫੋਨ 021-525-3275, ਉਚੇਚੀ ਬੇਨਤੀ-ਸਭ ਸੰਗਤਾਂ ਹਾਜ਼ਰੀਆਂ ਭਰਨ ਜੀ। ਜਾਣਕਾਰੀ ਲਈ ਸੰਪਰਕ ਕਰੋ ਡਾ: ਮਹਿੰਦਰ ਸਿੰਘ ।

## ਰਿਸ਼ਤੇ ਨਾਤੇ—

ਨੋਟ 1. ਚਿਠੀ ਵਾਲੇ ਲਫ਼ਾਫ਼ੇ ਦੇ ਬਾਹਰ ਲਿਖੋ : ਫ਼ਾਰਮ ਨੰ:......ਸੂਰਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

2. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿੱਠੀ ਪੱਤਰ ਕਰੋ ।

3. ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਟਿਕਟਾਂ ਲਗਾ ਲਫ਼ਾਫ਼ਾ ਭੇਜ ਕੇ ਮੁਫਤ ਮੰਗਾਓ ।

ਪੁਰਾਣਾ ਫ਼ਾਰਮ ਨੰ: 324—ਇਕ ਬੀਬੀ, ਬਹੁਤ ਸਾਊ ਸੁਭਾ ਤੇ ਨਾਮ ਅਭਿਆਸੀ, ਅੰਮ੍ਰਿਤ ਵੇਲੇ ਦੀ ਪੂਰੀ ਸੰਭਾਲ ਕਰਨ ਵਾਲੀ, ਉਮਰ 35 ਸਾਲ, ਕੱਦ 5'-2'', ਵਿਦਿਆ ਮੈਟਰਿਕ, ਗਿਆਨੀ, ਲਈ ਯੋਗ ਵਰ ਦੀ ਲੋੜ ਹੈ !

ਫ਼ਾਰਮ ਨੰ: 336—ਇਕ 22 ਸਾਲਾ ਗਰੰਥੀ ਸਿੰਘ, ਕੱਦ 6'-5'' ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: 337—ਇਕ 25 ਸਾਲਾ ਸਿੰਘ, ਕੱਦ 5'-2'' ਬਾਰ੍ਹਵੀਂ ਪਾਸ, ਆਪਣੀ ਫੋਟੋ-ਸਟੈਟ ਮਸ਼ੀਨ, ਲਈ ਅਜਿਹੀ ਬੀਬੀ ਦੇ ਰਿਸ਼ਤੇ ਦੀ ਲੋੜ ਹੈ ਜੋ ਅਨੰਦ-ਵਿਆਹ ਆਗਰੇ ਆ ਕੇ ਕਰਨ ।

ਫ਼ਾਰਮ ਨੰ: 338—ਇਕ 35 ਸਾਲਾ ਦੁਹਾਜੂ ਸਿੰਘ, ਕੱਦ 5'-4'', ਮਿਡਲ ਪਾਸ, ਸਰਵਿਸਮੈਨ, ਲਈ ਤਲਾਕ-ਸ਼ੁਦਾ ਜਾਂ ਦੁਹਾਜੂ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 339—ਇਕ 26 ਸਾਲਾ ਗਰੈਜੂਏਟ ਸਿੰਘ,5'-9''ਸਰਕਾਰੀ ਨੌਕਰੀ ਲਈ ਪੜ੍ਹੀ ਲਿਖੀ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 340—ਇਕ 21 ਸਾਲਾ ਬੀਬੀ, ਕੱਦ 5'-6'' ਐਮ.ਏ, ਚਿ ਪੜ੍ਹਦੀ, ਨਿਤਨੇਮਣ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 341—ਇਕ ਸਾਢੇ 24 ਸਾਲਾ ਬੀਬੀ, ਕੱਦ 5'-4'' ਬੀ.ਏ. ਪਾਸ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 342—ਇਕ ਐਮ.ਏ. (ਐਕਨਾਮਿਕਸ) ਪਾਸ ਬੀਬੀ, ਕੱਦ 5'-2'' ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 343—ਇਕ 25 ਸਾਲਾ ਸਿੰਘ, ਕੱਦ 5'-5'' ਐਮ.ਏ. ਪਾਸ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: 344—ਇਕ 37 ਸਾਲਾ ਅਨਪੜ੍ਹ ਸਿੰਘ, ਕੱਦ 5'-9'', ਕੰਮ ਖੇਤੀ ਬਾੜੀ, ਦੁਹਾਜੂ, ਲਈ ਜ਼ਿਮੀਦਾਰਾ ਕੰਮ ਸੰਭਾਲਣ ਵਾਲੀ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 345—ਇਕ ਸਾਢੇ 27 ਸਾਲਾ ਸਿੰਘ, ਕੱਦ 5'-4'', ਬੀ.ਕਾਮ ਪਾਸ, ਮਾਸਕ ਤਨਖਾਹ 1200 ਰੁਪਏ, ਲਈ ਕੀਰਤਨੀ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 346—ਇਕ ਸਾਢੇ 21 ਸਾਲਾ ਬੀਬੀ, ਦਸਵੀਂ ਪਾਸ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 347—ਇਕ 29 ਸਾਲਾ ਸਿੰਘ, ਕੱਦ 5'-3'', ਬੀ.ਕਾਮ.. ਪ੍ਰਾਈਵੇਟ ਨੌਕਰੀ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: 348—ਇਕ 34 ਸਾਲਾ ਸਿੰਘ. ਕੱਦ 5'-8'', ਐਮ.ਐਸ.ਸੀ. ਤੇ ਉਚ ਵਿਦਿਆ ਪ੍ਰਾਪਤ, ਮਾਸਕ ਆਮਦਨ 5500 ਰੁਪਏ ਲਈ ਉਚ ਵਿਦਿਆ ਪ੍ਰਾਪਤ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 349—ਇਕ 28 ਸਾਲਾ ਬੀਬੀ, ਕੱਦ 5'-3'' ਬੀ.ਐਸ.ਸੀ., ਪਬਲਿਕ ਫ਼ਾਈਨੈਂਸ ਫ਼ਰਮ ਵਿਚ ਨੌਕਰੀ 4500 ਰੁਪਏ ਮਾਸਕ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 350—ਇਕ 24 ਸਾਲਾ ਸਿੰਘ, ਕੱਦ 5'-9'',ਹਾਇਰ ਸੈਕੰਡਰੀ, ਦੁਕਾਨਦਾਰ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: 351—ਇਕ 26 ਸਾਲਾ ਬੀਬੀ, ਕੱਦ 5'-4'', ਬੀ. ਏ., ਗਿਆਨੀ, ਰਸੀਲਾ ਕੀਰਤਨ ਕਰਵ ਵਾਲੀ, ਲਈ ਯੋਗ ਵਰ ਦੀ ਲੋੜ ਹੈ ।

## ਸੂਰਾ ਮਾਸਕ ਪਤਰ ਦੀ ਚੜ੍ਹਦੀ ਕਲਾ ਲਈ

ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਪਟਿਆਲਾ ਨੇ ਦਸੰਬਰ 88 ਵਿਚ 23 ਨਵੇਂ ਮੈਂਬਰਾਂ ਦੇ ਚੰਦੇ ਭੇਜੇ ਸਨ, ਹੁਣ 17 ਚੰਦੇ ਹੋਰ ਭੇਜ ਕੇ 'ਸੂਰਾ' ਦੇ ਪਾਠਕਾਂ ਵਿਚ ਵਾਧਾ ਕੀਤਾ ਹੈ । ਸਤਿਗੁਰੂ ਹੋਰ ਸਭ ਨੂੰ ਇਸ ਸੇਵਾ ਲਈ ਉਦਮ ਬਖਸ਼ਣ ।

ਮਨੀਆਰਡਰ ਤੇ ਬੈਂਕ ਡਰਾਫਟ ਆਦਿ ਭੇਜਣ ਲਈ ਪਤਾ

**Sura Monthly, Bazar Mai Sewan, Amritsar**

www.AKJ.Org